ਰਾਜਿਆ ਰਾਜ ਕਰੇਂਦਿਆਂ, ਚੜ੍ਹਿਆ ਮਹੀਨਾ ਮਾਘ। ਤਖਤ ਤੇਰੇ ਨੇ ਡੋਲਣਾ, ਲੋਕ ਪਏ ਨੇ ਜਾਗ।

pdf ਨੂੰ ਡਾਊਨਲੋਡ ਕਰਨ ਲਈ ਬਾਰ ਕੋਡ ਸਕੈਨ ਕਰੋ

ਸੰਨ 1980 ਤੋਂ ਜੱਗ ਜਿੱਤਣ ਦਾ ਐਲਾਨ ਕਰਨ ਟੁਰਿਆ ਪੂੰਜੀ ਨਾਂ ਦਾ ਵਹਿਸੀ ਪਸ਼ੂ ਸਿੰਘੂਪੁਰੀਆ ਸੰਗਤ ਨੇ ਬੰਨ੍ਹ ਲਿਆ ਏ। ਛੁਡਾਣ ਵਾਲੇ ਵੀ ਹੰਕਾਰੇ ਹੋਏ ਨੇ। ਕਵੀਓ! ਕਲਮਾਂ ਘੜ ਲਵੋ। ਜੁੱਗ-ਕਥਾ ਰਚੀ ਜਾਂਦੀ ਪਈ ਏ।

ਡਾ. ਜੋਗਾ ਸਿੰਘ ਵਿਰਕ

ਧਰਤੀ ਮਾਂ ਅਤੇ ਅਪਣੀ ਹੋਂਦ ਦੀ ਰਾਖ਼ੀ ਲਈ ਮੈਦਾਨ 'ਚ ਡਟੇ ਧਰਤੀ ਪੁੱਤਰਾਂ ਨੂੰ ਸਮਰਪਿਤ

# ਮੋਰਚਾ

ਲੜੀ - 2

ਵਿਸ਼ੇਸ਼ ਸਹਿਯੋਗ: ਜਸਜੀਤ ਸਿੰਘ 'ਅੰਮ੍ਰਿਤਸਰ ਟਾਈਮਜ਼' ਯੂਐੱਸਏ

email: amritsartimesmorcha@gmail.com

ਸੰਪਾਦਕੀ ਸੇਵਾ: ਦਲਜੀਤ ਸਿੰਘ ਸਰਾਂ

ਡਿਜ਼ਾਈਨਰ: ਬਲਬੀਰ ਸਿੰਘ

ਸਹਿਯੋਗੀ ਸੱਜਣ: ਪਰਦੀਪ ਸਿੰਘ, ਪ੍ਰੀਤਮ ਸਿੰਘ ਰੂਪਾਲ, ਅੰਮ੍ਰਿਤਪਾਲ ਸਿੰਘ

ਕਿਸਾਨ ਅੰਦੋਲਨ 'ਚ ਨਿੱਤਰੇ ਸਭਨਾਂ ਨੂੰ ਲੋਹੜੀ ਦੀਆਂ ਸ਼ੁਭ ਇਛਾਵਾਂ

ਖੇਤੀ ਵਿਰੋਧੀ ਕਾਨੂੰਨਾਂ ਦੀ ਵਾਪਸੀ ਲਈ ਰਾਜਧਾਨੀ ਦਿੱਲੀ ਨੂੰ ਚੁਫੇਰਿਓਂ ਘੇਰੀ ਬੈਠੇ ਬਹਾਦਰ ਕਿਸਾਨਾਂ ਵਿਚਕਾਰ 'ਕਿਤਾਬੀ ਲੰਗਰ' ਵਜੋਂ ਮੁਫ਼ਤ ਵੰਡਣ ਲਈ



*ਖੇਤੀ ਵਿਰੋਧੀ ਕਾਨੂੰਨ ਵਾਪਸ ਕਰਵਾਉਣ ਲਈ ਰਾਜਧਾਨੀ ਦਿੱਲੀ ਨੂੰ ਚਾਰ ਚੁਫੇਰਿਓਂ ਘੇਰਾ ਪਾ ਕੇ ਮੋਰਚਾ ਲਾਈ ਬੈਠੇ ਕਿਸਾਨਾਂ ਵੱਲੋਂ 7 ਜਨਵਰੀ ਨੂੰ ਕੱਢੀ ਵਿਸਾਲ ਰੈਲੀ ਦੀ ਇੱਕ ਝਲਕ।*

# 'ਗਣਤੰਤਰ' ਬਚਾਉਣ ਲਈ 'ਜਨਤੰਤਰ' ਦੀ ਚਿਤਾਵਨੀ ਪਰੇਡ

## ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਉੱਤੇ ਰੋਕ ਲਾਈ

### *ਗੱਲਬਾਤ ਲਈ ਬਣਾਈ ਕਮੇਟੀ*

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਕਿਸਾਨਾਂ ਦੇ ਵਿਰੋਧ ਕਾਰਨ ਪੈਦਾ ਹੋਏ ਹਾਲਾਤ ਬਾਰੇ ਮੰਗਲਵਾਰ ਨੂੰ ਸੁਣਵਾਈ ਦੌਰਾਨ ਖੇਤੀ ਕਾਨੂੰਨਾਂ ਉੱਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਤੇ ਨਾਲ ਹੀ ਲੱਕੋਂ ਫਾਹੇ ਆਈ ਸਰਕਾਰ ਨੂੰ ਕੁੜਿੱਕੀ ਵਿਚੋਂ ਲਈ ਕੱਢਣ ਲਈ ਕਮੇਟੀ ਬਣਾ ਦਿੱਤੀ ਹੈ। ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਆਰ ਐਸ ਲੋਢਾ ਦੀ ਨਿਗਰਾਨੀ ਹੇਠ ਬਣਾਈ ਇਸ ਕਮੇਟੀ ਵਿੱਚ ਭਾਰਤੀ ਕਿਸਾਨ ਯੂਨੀਅਨ (ਮਾਨ) ਦੇ ਆਗੂ ਭੁਪਿੰਦਰ ਸਿੰਘ ਮਾਨ, ਸਾਊਥ ਏਸ਼ੀਆ ਇੰਟਰਨੈਸ਼ਨਲ ਫੂਡ ਪਾਲਿਸੀ ਦੇ ਡਾਇਰੈਕਟਰ ਪ੍ਰਮੋਦ ਕੁਮਾਰ ਜੋਸ਼ੀ, ਖੇਤੀਬਾੜੀ ਬਾਰੇ ਆਰਥਿਕ ਮਾਹਿਰ ਅਸ਼ੋਕ ਗੁਲਾਟੀ ਤੇ ਸ਼ੇਤਕਾਰੀ ਸੰਗਠਨ ਦੇ ਆਗੂ ਅਨਿਲ ਘਨਵਤ ਸਾਮਲ ਹਨ।

**ਬਾਕੀ ਸਫ਼ਾ 14 'ਤੇ**

**ਨਵੀਂ ਦਿੱਲੀ/ਕਮਲ ਦੁਸਾਂਝ:**

ਇਹ ਤਸਵੀਰ 'ਜਨਤੰਤਰ' ਦੀ ਹੈ ਜੋ 'ਗਣਤੰਤਰ' ਬਚਾਉਣ ਲਈ ਸੜਕਾਂ 'ਤੇ ਨਿਧੜਕ ਨਿਕਲ ਪਿਆ ਹੈ। ਥਾਂ-ਥਾਂ ਢੋਲ-ਨਗਾਰਿਆਂ ਨਾਲ ਸ਼ੰਘਰਸ਼ਸ਼ੀਲ ਕਿਸਾਨ ਯੋਧਿਆਂ ਦਾ ਸਵਾਗਤ ਹੋ ਰਿਹਾ ਹੈ। ਇਸ ਧਮਕ ਦੇ ਨਾਲ ਨਾਲ ਜੈਕਾਰਿਆਂ ਤੋਂ ਇਲਾਵਾ ਮੋਦੀ ਸਰਕਾਰ ਅਤੇ ਅੰਬਾਨੀ-ਅਦਾਨੀ ਵਿਰੁਧ ਨਾਅਰਿਆਂ ਦੀ ਅਸਮਾਨੀ ਗੂੰਜ ਹੈ। ਇਹ ਕਿਸਾਨਾਂ ਦੇ ਹੌਸਲੇ ਅਤੇ ਜਜ਼ਬੇ ਦਾ ਜਲੌਅ ਹੈ, ਜੋ 26 ਜਨਵਰੀ ਨੂੰ ਹਕੂਮਤ ਵਿਰੋਧੀ ਪਰੇਡ ਦਾ ਨਵਾਂ ਇਤਿਹਾਸ ਸਿਰਜਣ ਜਾ ਰਿਹਾ ਹੈ। ਇਹ ਕੋਈ ਸਿਆਸੀ ਪ੍ਰਦਰਸ਼ਨ ਨਹੀਂ ਜਿੱਥੇ ਭਾੜੇ 'ਤੇ ਲਿਆਂਦੀ ਸਿਰਾਂ ਹੀਣੀ ਭੀੜ ਜੁੜਦੀ ਹੈ। ਜੋ ਸਿਰ ਸੋਚਵਾਨ ਅਤੇ ਵਿਚਾਰਵਾਨ ਹੁੰਦਾ ਹੈ ਉਹੀ ਜਬਰ ਜ਼ੁਲਮ ਖ਼ਿਲਾਫ਼ ਟੱਕਰ ਲੈਣ ਦੇ ਸਮਰਥ ਹੁੰਦਾ ਹੈ। ਅਜਿਹਾ ਇਕ ਸਿਰ, ਸਵਾ ਲੱਖ ਸਿਰਾਂ ਦੇ ਬਰਾਬਰ ਹੁੰਦਾ ਹੈ। ਦਿੱਲੀ ਦੀਆਂ ਸਰਹੱਦਾਂ 'ਤੇ ਹਜ਼ਾਰਾਂ ਟਰੈਕਟਰਾਂ 'ਤੇ ਸਵਾਰ ਅਜਿਹੇ ਹਜ਼ਾਰਾਂ-ਲੱਖਾਂ ਸਿਰਾਂ ਦਾ ਜਨ ਸੈਲਾਬ ਹਕੂਮਤ ਨੂੰ ਅਜਿਹੀ ਚਿਤਾਵਨੀ ਦੇ ਰਿਹਾ ਹੈ ਕਿ 'ਕਾਰਪੋਰੇਟੀ ਬੰਨ੍ਹ' ਵੀ ਉਸ ਨੂੰ ਹੜ੍ਹ ਜਾਣ ਤੋਂ ਬਚਾ ਨਹੀਂ ਸਕਣਗੇ।




*ਕਿਸਾਨ ਨੇਤਾਵਾਂ ਦੀ ਕੇਂਦਰੀ ਮੰਤਰੀਆਂ ਨਾਲ ਸੁੱਕਰਵਾਰ 8 ਜਨਵਰੀ ਨੂੰ ਹੋਈ ਮੀਟਿੰਗ ਮੌਕੇ ਕਿਸਾਨਾਂ ਵੱਲੋਂ ਆਪਣੇ ਦੋ ਟੁੱਕ ਫੈਸਲੇ ਤੋਂ ਜਾਣੂੰ ਕਰਾਉਣ ਲਈ ਗੱਲ-ਬਾਤ ਵਾਲੀ ਮੇਜ ਉੱਤੇ ਲਿਖ ਕੇ ਛੱਡੀ ਜਾਣਕਾਰੀ।*

ਦਿੱਲੀ ਦੇ ਹੁਕਮਰਾਨਾਂ ਨੂੰ ਆਪਣੇ ਦ੍ਰਿੜ ਇਰਾਦੇ ਦੱਸਣ ਲਈ ਕਿਸਾਨਾਂ ਨੇ ਸਿੰਘੂ ਤੋਂ ਟਿੱਕਰੀ, ਟਿੱਕਰੀ ਤੋਂ ਕੁੰਡਲੀ, ਗਾਜ਼ੀਪੁਰ ਤੋਂ ਪਲਵਲ ਅਤੇ ਰੇਵਾਸਨ ਤੋਂ ਪਲਵਲ ਤੱਕ ਲਾ-ਮਿਸਾਲ ਟਰੈਕਟਰ ਮਾਰਚ ਕੀਤਾ। ਮੋਰਚਾ ਵਿੱਚ ਸ਼ਾਮਲ ਕਰੀਬ 3 ਲੱਖ ਕਿਸਾਨਾਂ ਵਲੋਂ ਹਾਲ ਦੀ ਘੜੀ ਚੋਣਵੇਂ ਟਰੈਕਟਰਾਂ ਰਾਹੀਂ ਕੱਢੀ ਰੀਹਰਸਲੀ ਪ੍ਰੇਡ ਨੇ ਹਕੂਮਤ ਲਈ ਨਵੀਂ ਚੁਣੌਤੀ ਖੜ੍ਹੀ ਕਰਦਿਆਂ ਕੰਬਣੀ ਛੇੜ ਦਿੱਤੀ ਹੈ। ਪਰ ਭਾਜਪਾ ਦੀ ਅਗਵਾਈ ਵਾਲੀ ਨਰਿੰਦਰ ਮੋਦੀ ਦੀ ਸਰਕਾਰ ਕੰਧ 'ਤੇ ਲਿਖਿਆ ਹਾਲੇ ਵੀ ਨਹੀਂ ਪੜ੍ਹ ਰਹੀ, ਇਸ ਲਈ ਕਿਸਾਨ ਜਥੇਬੰਦੀਆਂ ਅਤੇ ਕੇਂਦਰ ਸਰਕਾਰ ਵਿਚਾਲੇ 9ਵੇਂ ਗੇੜ ਦੀ ਗੱਲਬਾਤ ਵੀ ਕਿਸੇ ਸਿੱਟੇ 'ਤੇ ਨਹੀਂ ਪੁੱਜੀ। ਤਲਖ਼ ਮਾਹੌਲ ਵਿਚ ਹੋਈ ਵਾਰਤਾ ਦੌਰਾਨ ਕਿਸਾਨ ਆਗੂਆਂ ਨੇ ਸਪਸ਼ਟ ਆਖ ਦਿੱਤਾ ਹੈ ਕਿ ਹੁਣ **'ਜਿੱਤਾਂਗੇ ਜਾਂ ਮਰਾਂਗੇ'**।

ਉਧਰ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਕਿਸਾਨਾਂ ਦੇ ਕਾਫ਼ਲੇ ਪਲ-ਪਲ ਵੱਡੇ ਹੁੰਦੇ ਜਾ ਰਹੇ ਹਨ। ਪੰਜਾਬ ਦੀਆਂ ਔਰਤਾਂ ਦੇ ਨਾਲ-ਨਾਲ ਦੂਜੇ ਸੂਬਿਆਂ ਦੀਆਂ ਔਰਤਾਂ ਦੀ ਸ਼ਮੂਲੀਅਤ ਵੀ ਲਗਾਤਾਰ ਵਧਦੀ ਜਾ ਰਹੀ ਹੈ। ਜਿੱਥੇ ਵੀਰਵਾਰ ਦੀ ਟਰੈਕਟਰ ਰੈਲੀ ਵਿਚ ਔਰਤਾਂ ਨੇ ਖ਼ੁਦ ਟਰੈਕਟਰ ਚਲਾ ਕੇ

**ਬਾਕੀ ਸਫ਼ਾ 14 'ਤੇ**

## ਘਰਾਂ ਤੋਂ ਕੋਹਾਂ ਦੂਰ.. ..ਰੜੇ ਮੈਦਾਨ ਲੋਹੜੀ !

**ਦਲਜੀਤ ਸਿੰਘ ਸਰਾਂ**
(ਫੋਨ: 95010 11953)

ਸਿਆਲ ਦੀ ਕੜਕਦੀ ਠੰਢ, ਘਰਾਂ ਤੋਂ ਮੀਲਾਂ ਦੂਰ ਖੁਲ੍ਹੇ ਅਸਮਾਨ ਹੇਠ ਸੜਕਾਂ ਉੱਤੇ ਲੋਹੜੀ ਮਨਾਉਣ ਦਾ ਅਨੁਭਵ ਕਿਹੋ ਜਿਹਾ ਹੋ ਸਕਦਾ ਹੈ, ਇਸ ਬਾਰੇ ਸੋਚ ਕੇ ਹੀ ਰੂਹ ਨੂੰ ਕੰਬਣੀ ਛਿੜਦੀ ਹੈ। ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਵਿੱਚ ਆਪਣੇ ਖੇਤੀਂ ਫਸਲਾਂ ਨੂੰ ਪਾਣੀ ਲਾਉਂਦੇ ਕਿਸਾਨ ਨੂੰ ਵੀ ਵੇਲੇ ਕੁਵੇਲੇ ਘਰ ਮੁੜ ਲੋਹੜੀ ਦੀਆਂ ਧੂਣੀਆਂ ਸੇਕਣ ਤੇ ਰਜ਼ਾਈ ਦਾ ਨਿੱਘ ਮਾਣਨ ਦਾ ਸੁਭਾਗ ਮਿਲ ਜਾਂਦਾ ਸੀ ਪਰ ਇਸ ਵਾਰ ਤਾਂ ਦੇਸ਼ ਦੇ ਕਿਸਾਨਾਂ ਨੂੰ ਲੋਹੜੀ ਬੜੇ ਠੰਢੇ ਤੇ ਜਕੜੇ ਮਾਹੌਲ ਵਿੱਚ ਮਨਾਉਣੀ ਪੈ ਰਹੀ ਹੈ। ਤੁਹਾਡਾ ਸਿਦਕ, ਸਿਰੜ, ਸਾਂਤ ਚਿੱਤ ਰਹਿਣਾ ਅਤੇ ਸਬਰ ਦੇਸ਼ ਵਾਸੀਆਂ ਦੇ ਮਨਾਂ ਵਿੱਚ ਤੁਹਾਡੀ ਘਾਲਣਾ ਦਾ ਕੇਵਲ ਨਿੱਘ ਹੀ ਨਹੀਂ ਪਹੁੰਚਾਏਗਾ ਬਲਕਿ

**ਬਾਕੀ ਸਫ਼ਾ 14 'ਤੇ**

## ਹੁੰਗਾਰੇ ਲਈ ਧੰਨਵਾਦ

# ਇਸ ਵਾਰ ਮੋਦੀ ਦਾ ਵਾਹ-ਵਾਸਤਾ ਜੁਝਾਰੂ ਤੇ ਅਣਖੀ ਯੋਧਿਆਂ ਨਾਲ ਪਿਆ ਹੈ

*(ਪੰਜਾਬ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵਿੱਚੋਂ ਪ੍ਰੋਫੈਸਰ ਵਜੋਂ ਸੇਵਾ ਮੁਕਤ ਮਨਜੀਤ ਸਿੰਘ ਦੀ ਪੰਜਾਬ ਦੇ ਸਿਆਸੀ ਮਸਲਿਆਂ ਸਬੰਧੀ ਸਮਝ ਬੜੀ ਗਹਿਰੀ ਹੈ। ਖੱਬੇਪੱਖੀ ਵਿਚਾਰਧਾਰਾ ਨਾਲ ਜੁੜੇ ਹੋਏ ਪਹਿਲਾਂ ਵਿਦਆਰਥੀ ਜੀਵਨ ਦੌਰਾਨ ਅਤੇ ਫਿਰ ਅਧਿਆਪਕ ਹੁੰਦਿਆਂ ਕਾਫੀ ਸਰਗਰਮੀ ਨਾਲ ਕੰਮ ਕੀਤਾ ਹੈ। ਉਹ ਟੀਵੀ ਚੈਨਲਾਂ ਉੱਤੇ ਨਿਰਪੱਖ ਵਿਸ਼ਲੇਸ਼ਕ ਵਜੋਂ ਬੁਲਾਏ ਤੇ ਜਾਣੇ ਜਾਂਦੇ ਹਨ। ਉਹ ਅਕਸਰ ਅਖ਼ਬਾਰਾਂ ਵਿੱਚ ਵੀ ਲਿਖਦੇ ਹਨ। ਉਨ੍ਹਾਂ ਦੇ "ਪੰਜਾਬੀ ਟ੍ਰਿਬਿਊਨ" ਵਿੱਚ ਛਪੇ ਵਿਸਥਾਰਤ ਲੇਖ ਵਿਚੋਂ ਅਸੀਂ ਕੁਝ ਹਿੱਸਾ ਛਾਪ ਰਹੇ ਹਾਂ)*



**ਪ੍ਰੋ. ਮਨਜੀਤ ਸਿੰਘ**
ਸੰਪਰਕ: 98767-25391

ਅੱਜਕੱਲ੍ਹ ਚੱਲ ਰਹੇ ਮਿਸਾਲੀ ਕਿਸਾਨ ਅੰਦੋਲਨ ਬਾਰੇ ਹਰ ਸਖਸ ਦੇ ਦਿਲ-ਓ-ਦਿਮਾਗ ਅੰਦਰ ਸਵਾਲ ਉੱਠ ਰਹੇ ਹਨ। ਪੰਜਾਬੀਆਂ ਜਾਂ ਹਿੰਦੋਸਤਾਨੀਆਂ ਹੀ ਨਹੀਂ, ਹੁਣ ਤਾਂ ਸਮੁੱਚੇ ਸੰਸਾਰ ਦੀਆਂ ਨਜਰਾਂ ਇਸ ਅੰਦੋਲਨ ਤੇ ਲੱਗੀਆਂ ਹੋਈਆਂ ਹਨ। ਇਨ੍ਹਾਂ ਸਵਾਲਾਂ ਦੇ ਬਣਦੇ-ਸਰਦੇ ਜਵਾਬ ਇਸ ਲਿਖਤ ਵਿਚ ਦਿੱਤੇ ਜਾ ਰਹੇ ਹਨ।

ਸਵਾਲ: ਇਹ ਕਿਵੇਂ ਸੰਭਵ ਹੋਇਆ ਕਿ ਪੰਜਾਬ ਦੀਆਂ 32 ਕਿਸਾਨ ਯੂਨੀਅਨਾਂ, ਜਿਨ੍ਹਾਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਉਹ ਵਿਚਾਰਧਾਰਕ ਵਖਰੇਵਿਆਂ ਕਰ ਕੇ ਅਲੱਗ ਅਲੱਗ ਝੰਡੇ ਥੱਲੇ ਕੰਮ ਕਰ ਰਹੀਆਂ ਹਨ, ਅੱਜ ਇਕ-ਦੂਜੇ ਨਾਲ ਸਮਝ ਬਣਾ ਕੇ ਇਕੱਠੀਆਂ ਚੱਲ ਰਹੀਆਂ ਹਨ?

ਜਵਾਬ: ਵਿਚਾਰਧਾਰਾ, ਜਾਤ, ਧਰਮ ਉਦੋਂ ਤੱਕ ਕਾਰਗਰ ਹੁੰਦੇ ਹਨ, ਜਦ ਤੱਕ ਸਾਡੇ ਕੋਲ ਆਪਣੇ ਜਿਊਣ ਲਈ ਘੱਟੋ-ਘੱਟ ਸਾਧਨ ਮੌਜੂਦ ਹੋਣ ਅਤੇ ਸਾਡੀ ਹੋਂਦ ਜਾਂ ਵਜੂਦ ਖਤਰੇ ਤੋਂ ਬਾਹਰ ਹੋਵੇ। ਜਿਊਂਦਾ ਰਹਿਣ ਦੀ ਭਾਵਨਾ ਸਭ ਤੋਂ ਪ੍ਰਚੰਡ ਭਾਵਨਾ ਹੈ। ਆਮ ਧਾਰਨਾ ਹੈ ਕਿ ਕੇਂਦਰੀ ਸਰਕਾਰ ਦੇ ਲਿਆਂਦੇ ਤਿੰਨੇ ਖੇਤੀ ਕਾਨੂੰਨ ਕਿਸਾਨਾਂ ਨੂੰ ਪਿੰਡਾਂ ਵਿਚੋਂ ਧੱਕ ਕੇ ਬਾਹਰ ਸੁੱਟ ਦੇਣਗੇ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਕਾਰਪੋਰੇਟ ਘਰਾਣੇ ਹਥਿਆ ਲੈਣਗੇ। ਇਨ੍ਹਾਂ ਖਤਰਨਾਕ ਹਾਲਾਤ ਨੇ ਪੰਜਾਬੀ ਕਿਸਾਨਾਂ ਨੂੰ ਚਿੰਤਾ ਵਿਚ ਡੋਬਣ ਦੀ ਜਗ੍ਹਾ ਅੱਗੇ ਵਧ ਕੇ ਲੜਾਈ ਲੜਨ ਲਈ ਪ੍ਰੇਰਿਆ। ਕਿਸਾਨ ਲੀਡਰਾਂ ਨੇ ਵੀ ਨਿਸਚਾ ਕਰ ਲਿਆ ਕਿ ਇਹ ਵਕਤ ਪਿੰਡ ਬਚਾਉਣ ਦਾ ਹੈ, ਹੋਂਦ ਬਚਾਉਣ ਦਾ ਹੈ। ਜੇ ਕਿਸਾਨ ਹੀ ਨਾ ਬਚੇ ਤਾਂ ਫਿਰ ਲੀਡਰ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਕਿਵੇਂ ਬਚਣਗੀਆਂ? ਇਹੀ ਕਾਰਨ ਹੈ ਕਿ ਕਿਸਾਨਾਂ ਅਤੇ ਆੜ੍ਹਤੀਆਂ ਦੀਆਂ ਯੂਨੀਅਨਾਂ ਨੇ ਸਭ ਤੋਂ ਪਹਿਲਾਂ ਇਕੱਠੇ ਹੋ ਕੇ ਬਗਾਵਤ ਦਾ ਬਿਗਲ ਵਜਾ ਦਿੱਤਾ। ਆਪਸੀ ਵਖਰੇਵੇਂ ਅਤੇ ਵਿਰੋਧ ਰਾਤੋ-ਰਾਤ ਛੂ-ਮੰਤਰ ਹੋ ਗਏ।

ਸਵਾਲ: ਸਾਡਾ ਸੁਆਲ ਇਹੋ ਹੈ ਕਿ ਜੋ ਏਜੰਡਾ ਪਿਛਲੇ ਵੀਹ ਸਾਲਾਂ ਤੋਂ ਤਾਂ ਪੂਰੇ ਧੜੱਲੇ ਨਾਲ ਲਾਗੂ ਕੀਤਾ ਜਾ ਰਿਹਾ ਹੈ, ਅਚਾਨਕ ਦਿੱਲੀ ਘੇਰਨ ਦੀ ਨੌਬਤ ਕਿਉਂ ਆ ਗਈ?

ਜਵਾਬ: ਤੁਹਾਡਾ ਇਹ ਸੁਆਲ ਦੇਖਣ ਨੂੰ ਤਾਂ ਅਰਥ-ਵਿਵਸਥਾ ਨਾਲ ਜੁੜਿਆ ਹੋਇਆ ਲਗਦਾ ਹੈ ਪਰ ਅਸਲੀਅਤ ਵਿਚ ਇਸ ਦਾ ਸਿੱਧਾ ਸੰਬੰਧ ਸਿਆਸੀ ਸੱਤਾ ਨਾਲ ਹੈ। ਜਿੰਨੀ ਤੇਜ਼ੀ ਨਾਲ ਆਰਥਿਕ ਸੱਤਾ ਦੇ ਕੇਂਦਰੀਕਰਨ ਦੀ ਪ੍ਰਕਿਰਿਆ ਅੱਗੇ ਵਧਦੀ ਹੈ, ਉਸੇ ਅਨੁਪਾਤ ਵਿਚ ਸਿਆਸੀ ਸੱਤਾ ਦੇ ਕੇਂਦਰੀਕਰਨ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਨਤੀਜੇ ਵਜੋਂ ਦੇਸ਼ ਅੰਦਰ ਲੋਕਤੰਤਰਕ ਢਾਂਚਾ ਕਾਫੀ ਕਮਜ਼ੋਰ ਹੋਇਆ ਹੈ ਅਤੇ ਸਾਰੀ ਸਿਆਸੀ ਸੱਤਾ ਡੇਢ ਆਦਮੀ ਦੇ ਹੱਥਾਂ ਵਿਚ ਕੇਂਦਰਿਤ ਹੋ ਗਈ ਹੈ- ਇਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅੱਧਾ ਗ੍ਰਹਿ ਮੰਤਰੀ ਅਮਿਤ ਸ਼ਾਹ। ਇੰਨੇ ਵੱਡੇ ਦੇਸ਼ ਵਿਚ ਸੱਤਾ ਦਾ ਕੇਂਦਰੀਕਰਨ ਆਸਾਨ ਨਹੀਂ। ਇਸੇ ਕਰ ਕੇ ਜਨਤਾ ਨੂੰ ਧਰਮਾਂ, ਜਾਤਾਂ, ਬੋਲੀਆਂ ਅਤੇ ਹੋਰ ਕਈ ਖਤਰਨਾਕ ਵਿਧੀਆਂ ਰਾਹੀਂ ਠੀਕ ਉਸੇ ਤਰ੍ਹਾਂ ਆਪਸੀ ਨਫ਼ਰਤ ਫੈਲਾ ਕੇ ਕਮਜ਼ੋਰ ਰੱਖਿਆ ਜਾ ਰਿਹਾ ਹੈ ਜਿਸ ਤਰ੍ਹਾਂ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਕਰਦੇ ਸਨ। ਦੇਸ਼ ਦੀਆਂ ਜਾਤਾਂ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਉੱਪਰ 10 ਸਾਲ ਪਹਿਲਾਂ ਕੀਤੀ ਜਨ-ਗਣਨਾ ਕਦੀ ਵੀ ਜਨਤਕ ਨਹੀਂ ਹੋਈ। ਇਹ ਕੋਈ ਅਤਿ ਕਥਨੀ ਨਹੀਂ ਹੋਵੇਗੀ, ਜੇ ਉਨ੍ਹਾਂ ਅੰਕੜਿਆਂ ਨੂੰ ਅੱਜ ਸਰਕਾਰ ਵੱਲੋਂ ਦੇਸ਼ ਅੰਦਰ ਲੋਕਾਂ ਨੂੰ ਆਪਸੀ ਲੜਾਈਆਂ ਲਈ ਵਰਤਿਆ ਜਾਂਦਾ ਹੋਵੇ, ਜਾਂ ਫਿਰ ਚੋਣਾਂ ਦੌਰਾਨ ਸੱਤਾ ਹਥਿਆਉਣ ਲਈ ਇਸਤੇਮਾਲ ਕੀਤਾ ਜਾਂਦਾ ਹੋਵੇ। ਇਹੀ ਕਾਰਨ ਹੈ ਕਿ ਜਮਹੂਰੀਅਤ ਦੇਸ਼ ਦੇ ਅੰਦਰ ਤਾਂ ਕੀ ਬਚਣੀ ਹੈ, ਪਾਰਟੀਆਂ ਦੇ ਅੰਦਰ ਵੀ ਨਹੀਂ ਬਚ ਸਕੀ। ਇਹੋ ਜਿਹੇ ਨਾਹਰੇ ਕਿ 'ਮੋਦੀ ਹੈ ਤੋ ਮੁਮਕਿਨ ਹੈ', ਇਸ ਲਈ ਫੈਲਾਏ ਜਾਂਦੇ ਹਨ ਕਿ ਮੋਦੀ ਦੇਸ਼ ਭਗਤੀ ਨਾਲ ਭਰਪੂਰ ਦੇਵਤਾ ਰੂਪੀ ਪ੍ਰਧਾਨ ਮੰਤਰੀ ਲੋਕਾਂ ਵਿਚ ਪ੍ਰਵਾਨਿਤ ਰਹੇ ਅਤੇ ਦੇਸ਼ ਦੀ ਧਨ ਦੌਲਤ ਉਸ ਦੇ ਮੁੱਠੀ ਭਰ ਚਹੇਤਿਆਂ ਦੇ ਨਾਂ ਲਾ ਦਿੱਤੀ ਜਾਏ। ਮੁੱਠੀ ਭਰ ਕਾਰਪੋਰੇਟਾਂ ਅਤੇ ਮੋਦੀ-ਸ਼ਾਹ ਦੀ ਜੋੜੀ ਵਿਚਾਲੇ ਜਿਉਂ ਹੀ ਕਿਸਾਨਾਂ ਨੂੰ ਚਾਨਣਾ ਹੋਇਆ, ਉਨ੍ਹਾਂ ਸਿਆਸੀ ਰੋਹਲੇ ਬਾਣ ਦਿੱਲੀ ਦੀਆਂ ਹੱਦਾਂ ਤੋਂ ਸੱਤਾ ਦੇ ਕੇਂਦਰ ਵੱਲ ਦਾਗਣੇ ਸ਼ੁਰੂ ਕਰ ਦਿੱਤੇ।

ਸਵਾਲ: ਸਭ ਤੋਂ ਅਹਿਮ ਤੇ ਸਿੱਧਾ ਸੁਆਲ- ਕੀ ਮੋਦੀ ਤਿੰਨੇ ਕਾਨੂੰਨ ਵਾਪਸ ਲੈ ਲਵੇਗਾ?

ਜਵਾਬ: ਇਹ ਕਿਸਾਨ ਅੰਦੋਲਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਆਸੀ ਜੀਵਨ ਦੀ ਸਭ ਤੋਂ ਵੱਡੀ ਚੁਣੌਤੀ ਹੈ। ਅੱਜ ਤੱਕ ਮੋਦੀ ਨਫਰਤ ਅਤੇ ਭੈਅ ਦੀ 'ਖੇਤੀ' ਕਰਦਾ ਰਿਹਾ ਅਤੇ ਭਾਰੀ ਸਿਆਸੀ ਫਸਲ ਵੱਢਦਾ ਰਿਹਾ ਹੈ। ਇਸ ਵਾਰ ਇਸ ਦਾ ਵਾਹ-ਵਾਸਤਾ ਜੁਝਾਰੂ ਤੇ ਅਣਖੀ ਯੋਧਿਆਂ ਨਾਲ ਪਿਆ ਹੈ। ਪੰਜਾਬ ਵਰਗੀ ਇਸ ਸਮਾਜਿਕ ਅਤੇ ਸਭਿਆਚਾਰਕ ਜ਼ਮੀਨ ਵਿਚ ਨਫ਼ਰਤ ਦਾ ਬੀਜ ਉਗਦਾ ਹੀ ਨਹੀਂ। ਮੋਦੀ ਦੀ ਸਭ ਤੋਂ ਵੱਡੀ ਚਿੰਤਾ ਇਹੀ ਹੈ। ਇਹ ਜੰਗ 'ਸਚਾਈ, ਹਿੰਮਤ, ਪਿਆਰ, ਸਹਿਚਾਰ, ਏਕਾ, ਸ਼ਾਤੀ' ਅਤੇ 'ਝੂਠ, ਬੁਜ਼ਦਿਲੀ, ਨਫ਼ਰਤ, ਹੈਂਕੜ, ਆਪਸੀ ਖਿੱਚੋਤਾਣ, ਅਹਿੰਸਾ' ਵਿਚਾਲੇ ਹੈ। ਜ਼ਾਹਿਰ ਹੈ ਕਿ ਆਖਿਰ ਕਿਸਾਨਾਂ ਦੀ ਹੀ ਜੈ-ਜੈਕਾਰ ਹੋਵੇਗੀ। ਮੋਦੀ ਨੂੰ ਜਾਂ ਤਾਂ ਫਕੀਰਾਂ ਵਾਲਾ ਮਖੌਟਾ ਕਾਇਮ ਰੱਖਦੇ ਹੋਏ ਆਪਣੀ ਹੈਂਕੜ ਛੱਡਣੀ ਪਏਗੀ ਅਤੇ ਕਿਸਾਨਾਂ ਦੇ ਫੈਸਲੇ ਨੂੰ ਸਵੀਕਾਰ ਕਰਨਾ ਪਏਗਾ, ਜਾਂ ਫਿਰ ਉਨ੍ਹਾਂ ਨੂੰ ਆਪਣੇ ਅਸਲੀ ਰੂਪ ਵਿਚ ਆ ਕੇ ਖੂੰਖਾਰ ਚਿਹਰਾ ਅੱਗੇ ਲਿਆਉਣਾ ਪਵੇਗਾ। ਦੁਨੀਆ ਵਿਚ ਮੋਦੀ ਦੀ ਮਿੱਤਰ ਮੰਡਲੀ ਲਗਾਤਾਰ ਝੜ ਰਹੀ ਹੈ, ਭਾਵ ਅਮਰੀਕਨ ਵੋਟਰਾਂ ਨੇ ਡੋਨਲਡ ਟਰੰਪ ਘਰੇ ਬਿਠਾ ਦਿੱਤਾ, ਇੰਗਲੈਂਡ ਦਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ 26 ਜਨਵਰੀ ਨੂੰ ਗਣਤੰਤਰ ਦਿਵਸ ਤੇ ਆਉਣ ਤੋਂ ਨਾਂਹ ਕਰ ਗਿਆ। ਆਪਣੀ ਜਨਤਾ ਨੂੰ ਬਚਾਉਣ ਅਤੇ ਹੁਣ ਵਾਲੀ ਕੁਰਸੀ ਉਪਰ ਕਾਇਮ ਰਹਿਣ ਲਈ ਮੋਦੀ ਲਈ ਜ਼ਰੂਰੀ ਹੈ ਕਿ ਉਹ ਕਿਸਾਨਾਂ ਨਾਲ ਸ਼ਾਂਤੀ ਦਾ ਰਿਸ਼ਤਾ ਬਣਾਏ ਜੋ ਤਿੰਨੇ ਕਾਨੂੰਨ ਵਾਪਸ ਲਏ ਬਗੈਰ ਹੋ ਨਹੀਂ ਸਕਦਾ। ਉਂਜ, ਇਸ ਨਾਲ ਮੋਦੀ ਭਗਤਾਂ ਵਲੋਂ ਮੋਦੀ ਦੇ ਸ਼ੀਸ਼ੇ ਵਰਗੇ ਅਕਸ ਵਿਚ ਤ੍ਰੇੜ ਤਾਂ ਪੈ ਹੀ ਜਾਵੇਗੀ। ਦੂਜੇ ਪਾਸੇ, ਜੇ ਮੋਦੀ ਹਿੰਸਾ ਦਾ ਰਸਤਾ ਅਖਤਿਆਰ ਕਰਦਾ ਹੈ ਤਾਂ ਕਿਸਾਨ ਅੰਦੋਲਨ ਪੂਰੇ ਦੇਸ਼ ਅੰਦਰ ਫੈਲ ਜਾਏਗਾ। ਹੋ ਸਕਦਾ ਹੈ, ਇਸ ਦੇਸ਼ ਦਾ ਹੁਣ ਵਾਲਾ ਸਿਆਸੀ ਨਕਸ਼ਾ-ਨੁਹਾਰ ਫਿਰ ਸਦਾ ਲਈ ਬਦਲ ਜਾਏ। ਅਤਿ ਨਾਲ ਖੁਦਾ ਦਾ ਵੀ ਵੈਰ ਹੁੰਦਾ ਹੈ। ਮੋਦੀ ਇਸ ਵਕਤ ਇਤਿਹਾਸ ਦੇ ਗਲਤ ਪਾਸੇ ਖੜ੍ਹਾ ਹੈ। ਜੇ ਇਸੇ ਪਾਸੇ ਹੋਰ ਡਟਿਆ ਰਿਹਾ ਤਾਂ ਇਸ ਦੀ ਕੀਮਤ ਦੇਸ਼ ਨੂੰ ਤਾਂ ਤਾਰਨੀ ਹੀ ਪਏਗੀ ਪਰ ਸਭ ਤੋਂ ਵੱਧ ਇਸ ਦੀ ਕੀਮਤ ਤਾਰਨੀ ਪਏਗੀ ਮੋਦੀ ਬਰਾਂਡ ਸਿਆਸਤ ਨੂੰ।

# ਰੂਹਾਂ ਨੂੰ ਰੌਸ਼ਨ ਕਰਦਾ ਹੈ ਮੋਰਚਾ... ਮੋਰਚੇ ਵਿੱਚ ਸ਼ਾਮਲ ਇੱਕ ਪੰਜਾਬੀ ਦੇ ਅਹਿਸਾਸ

ਮੈਂ ਸ਼ਾਇਦ ਜ਼ਿਆਦਾ ਭਾਵੁਕ ਹੋ ਗਿਆ ਹੋਵਾਂ ਪਰ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇੱਥੇ ਹਰ ਵਿਅਕਤੀ ਇੰਜ ਹੀ ਮਹਿਸੂਸ ਕਰ ਰਿਹਾ ਸੀ। ਮੈਂ ਕਦੇ ਵੀ ਇਕੋ ਜਗਤ ਤੇ ਇਕੱਠੀਆਂ ਏਨੀਆਂ ਖ਼ੂਬਸੂਰਤ ਰੂਹਾਂ ਨਹੀਂ ਵੇਖੀਆਂ। ਕਈ ਵਾਰ ਮੈਨੂੰ ਜਾਪਿਆ ਕਿ ਮੈਂ ਕੋਈ ਸੁਪਨਾ ਵੇਖ ਰਿਹਾ ਹਾਂ। ਮੈਂ ਇੱਥੇ ਇਕ ਹਫ਼ਤੇ ਲਈ ਆਇਆ ਸੀ। 6 ਹਫ਼ਤਿਆਂ ਤੋਂ ਉਪਰ ਹੋ ਚੁੱਕੇ ਕਿਸਾਨ ਮੋਰਚਾ ਅੰਦੋਲਨ ਵਿੱਚ ਮੇਰਾ 14ਵਾਂ ਦਿਨ ਹੈ ਅਤੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਹੁਣ ਮੇਰਾ ਇਥੋਂ ਜਾਣਾ ਮੁਸ਼ਕਲ ਹੈ। ਇੱਥੇ ਹਮੇਸ਼ਾ ਅਗਲੀ ਟਰਾਲੀ ਤੇ ਨਵੀਂ ਜਗਿਆਸਾ ਤੁਹਾਡਾ ਰਾਹ ਵੇਖ ਰਹੀ ਹੈ।

ਜੇ ਤੁਸੀਂ ਨਿਰਾਸ਼ ਹੋ ਅਤੇ ਸਾਰੀਆਂ ਉਮੀਦਾਂ ਖੋ ਬੈਠੇ ਹੋ ਤਾਂ ਕਿਸਾਨ ਅੰਦੋਲਨ ਵਿਚ ਸ਼ਾਮਲ ਹੋ ਜਾਓ। ਹੁਣ ਮਸਲਾ ਇਹ ਨਹੀਂ ਕਿ ਕੇਂਦਰੀ ਖੇਤੀ ਕਾਨੂੰਨ ਕਦੋਂ ਰੱਦ ਹੋਣਗੇ, ਇਹ ਵੇਖਣਾ ਹੈ ਕਿ ਉਹ ਕਦੋਂ ਰੱਦ ਹੋਣਗੇ? ਗੱਲ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਕੀ ਜੁਆਬ ਦੇਵਾਂਗੇ ਜਦ ਉਹ ਪੁੱਛਣਗੇ ਕਿ ਜਦ ਕਿਸਾਨ ਅੰਦੋਲਨ ਕਰ ਰਹੇ ਸੀ ਉਸ ਵਕਤ ਤੁਸੀਂ ਕਿੱਥੇ ਸੀ? ਦਿੱਲੀ ਦੀਆਂ ਤਿੰਨ ਹੱਦਾਂ ਉਪਰ 50 ਕਿਲੋਮੀਟਰ ਦੇ ਘੇਰੇ ਵਿਚ ਫੈਲੇ ਟਰਾਲੀ ਨਿਵਾਸ ਹੁਣ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਤਿੰਨ ਲੱਖ ਲੋਕਾਂ ਦਾ ਬਸੇਰਾ ਬਣ ਚੁੱਕੇ ਹਨ। ਇੱਥੇ ਸਾਰੇ ਕਿਸਾਨ ਨਹੀਂ ਹਨ। ਇੱਥੇ ਵਿਦਿਆਰਥੀਆਂ, ਡਾਕਟਰਾਂ, ਫਿਲਮਕਾਰਾਂ, ਫੋਟੋਗ੍ਰਾਫਰਾਂ ਅਤੇ ਚਿੰਤਕਾਂ ਸਮੇਤ ਸਮਾਜ ਦੇ ਹਰ ਵਰਗ ਦੇ ਲੋਕ ਸ਼ਾਮਲ ਹਨ। ਇਸ ਜਗ੍ਹਾ ਤੇ ਖਾਣ ਪੀਣ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਕੋਈ ਤੋਟ ਨਹੀਂ ਹੈ। ਜਦੋਂ ਵੀ ਕਿਸੇ ਚੀਜ਼ ਦੀ ਥੋੜ ਮਹਿਸੂਸ ਹੁੰਦੀ ਹੈ ਇਹ ਹਾਜ਼ਰ ਹੈ। ਇਹ ਅੰਦੋਲਨਕਾਰੀ ਖੇਮੇ ਹੌਲੀ ਹੌਲੀ ਉਨ੍ਹਾਂ ਲੋਕਾਂ ਦਾ ਆਵਾਸ ਬਣਦੇ ਜਾ ਰਹੇ ਹਨ ਜੋ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ਼ ਹਨ।

ਇਹ ਸਿਰਫ਼ ਖੇਤੀ ਕਾਨੂੰਨ ਬਾਰੇ ਨਹੀਂ, ਇਸ ਮੁੱਦੇ ਤੇ ਸਰਕਾਰ ਦਾ ਫੈਸਲਾ ਇਕ ਰਸਮੀ ਕਾਰਵਾਈ ਹੈ। ਇਖਲਾਕੀ ਜੰਗ ਬਹੁਤ ਸਮਾਂ ਪਹਿਲਾਂ ਜਿੱਤੀ ਜਾ ਚੁੱਕੀ ਹੈ। ਇਹ ਹੁਣ ਰੋਸ ਪ੍ਰਦਰਸ਼ਨ ਨਹੀਂ ਰਿਹਾ, ਸਗੋਂ ਅਮਨ ਪੂਰਵਕ, ਪ੍ਰੇਰਨਾਦਾਇਕ ਤੇ ਬਦਲਾਅ ਦਾ ਅਮਲ ਹੈ। ਹਰੇਕ ਟਰਾਲੀ ਵਿਚ ਇਕ ਸ਼ਾਇਰ, ਕੋਈ ਉਭਰਦਾ ਸ਼ਾਇਰ ਮੌਜੂਦਾ ਹੈ। ਇੱਥੇ ਹਰ ਕੋਈ ਸਰਦਾਰ (ਆਗੂ) ਹੈ ਜਾਂ ਬਣ ਰਿਹਾ ਹੈ। ਇਹ ਲੀਡਰਸ਼ਿਪ ਜਥੇਬੰਦੀ ਅਤੇ ਪ੍ਰਬੰਧ ਦੀ ਸਿਖਲਾਈ ਲਈ ਮੁਫ਼ਤ ਵਰਕਸ਼ਾਪ ਹੈ। ਇੱਥੇ ਇਹ ਪੁੱਛਣ ਦੀ ਜ਼ਰੂਰਤ ਨਹੀਂ ਕਿ ਤੁਸੀਂ ਕੀ ਕਰ ਸਕਦੇ ਹੋ ਜਾਂ ਕਿਸ ਤਰ੍ਹਾਂ ਵਲੰਟੀਅਰ ਬਣ ਸਕਦੇ ਹੋ। ਇਹ ਤੁਹਾਡੇ ਅਤੇ ਤੁਹਾਡੀ ਕਲਪਨਾ ਉਪਰ ਨਿਰਭਰ ਕਰਦਾ ਹੈ। ਇਹ ਲੋਕਾਂ ਵਲੋਂ ਸਿਰਜਿਆ ਇਕ ਕ੍ਰਿਸ਼ਮਾ ਹੈ ਜੋ ਮਨੁੱਖੀ ਖ਼ਤਰਿਆਂ ਨੂੰ ਕਲਾਵੇ ਵਿਚ ਲੈਂਦਾ ਹੈ। ਹਰੇਕ ਘਰ ਤੁਹਾਡੇ ਤੇ ਕ੍ਰਿਪਾ ਵਰਤਾ ਰਿਹਾ ਹੈ, ਜੋ ਭੋਜਨ, ਕਥਾ ਕਹਾਣੀਆਂ, ਗੀਤਾਂ, ਕਵਿਤਾਵਾਂ ਤੇ ਉਮੀਦ ਦੇ ਰੂਪ ਵਿਚ ਮਿਲਦੀ ਹੈ। ਇੱਥੇ ਭਗਤ ਸਿੰਘ ਤੇ ਪਾਸ਼ ਗਰਜ਼ ਰਹੇ ਹਨ। ਇਸ ਜਗ੍ਹਾ ਸਿਆਸਤਦਾਨਾਂ, ਵਿਕਾਊ ਮੀਡੀਆ ਅਤੇ ਮੁਨਾਫ਼ਾਖੋਰਾਂ ਤੋਂ ਛੁੱਟ ਹਰ ਇਕ ਦਾ ਸੁਆਗਤ ਹੈ।

ਇਸ ਲਈ ਜੇ ਤੁਸੀਂ ਆਪਣੀ ਐਸ਼ੋ ਆਰਾਮ ਵਾਲੀ ਜਿੰਦਗੀ ਦੀ ਮਾਰ ਹੇਠ ਨਹੀਂ ਆਏ ਤੇ ਤੁਹਾਡੇ ਸੁਪਨੇ ਨਹੀਂ ਮਰੇ ਅਤੇ ਜੇ ਤੁਸੀਂ ਧੂੜ, ਮਿੱਟੀ, ਕੀਟਾਣੂਆਂ, ਠੰਢ, ਚਿੱਕੜ, ਰੌਲਾ ਰੱਪੇ, ਧੂੰਏ ਅਤੇ ਟ੍ਰੈਫਿਕ ਵਰਗੀਆਂ ਚੀਜ਼ਾਂ ਨਾਲ ਰਹਿ ਸਕਦੇ ਹੋ ਅਤੇ ਆਪਣੇ ਬੁਰਜ਼ੂਆ ਸਰੋਕਾਰਾਂ ਨੂੰ ਨਜ਼ਰਅੰਦਾਜ਼ ਕਰ ਸਕਦੇ ਹੋ ਤਾਂ ਪ੍ਰਦਰਸ਼ਨਕਾਰੀਆਂ ਦੇ ਇਸ ਮੱਕੇ ਵੱਲ ਆਓ ਅਤੇ ਇਸ ਜਗ੍ਹਾ ਦੀ ਭਾਵਨਾ ਹਾਸਲ ਕਰੋ ਤੇ ਇਸ ਭਾਵਨਾ ਦੇ ਬੀਜ ਕਿਤੇ ਵੀ ਬੀਜੋ।




*ਪੁਰਾਣੀ ਯਾਦ : ਜਦੋਂ ਸਾਡਾ ਦੇਸ ਅਜਾਦ ਹੋਇਆ ਸੀ ਉਦੋਂ 26 ਜਨਵਰੀ ਨੂੰ ਟਰੈਕਟਰਾਂ ਨਾਲ ਪਰੇਡ ਨਿਕਲੀ ਸੀ। ਹਜਾਰਾਂ ਲੋਕਾਂ ਨੇ ਇਸ ਨੂੰ ਦੇਖਿਆ ਸੀ। ਅੱਜ ਵੀ ਕਿਸਾਨਾਂ ਦੀ, ਟਰੈਕਟਰਾਂ ਦੀ, ਟਰਾਲੀ- ਟਾਈਮਜ਼ ਦੀ, ਲੰਗਰ ਦੀ, ਅਤੇ ਬੀਬੀਆਂ ਦੀ ਜੈ ਜੈ ਕਾਰ ਹੈ।*

# ਅੰਦੋਲਨਕਾਰੀ ਕਿਸਾਨ ਮੋਰਚਿਆਂ ਦੇ ਮੋਹਰੀ ਜਰਨੈਲ

## ਲੰਮੇ ਤਜਰਬੇ ਸਦਕਾ ਵਿਰੋਧੀਆਂ ਨੂੰ ਬੇਦਲੀਲ ਕਰਨ ਵਾਲਾ ਬਲਬੀਰ ਸਿੰਘ ਰਾਜੇਵਾਲ

**ਪ੍ਰੀਤਮ ਰੁਪਾਲ**

ਅੱਸੀਵਿਆਂ ਦੇ ਦਹਾਕੇ ਵਿਚ ਬੈਂਕ ਕਰਜ਼ਿਆਂ, ਪੱਕੇ ਖਾਲਾਂ ਦੇ ਖਰਚੇ ਦੀ ਵਸੂਲੀ ਅਤੇ ਹੋਰ ਖੇਤੀ ਮੁੱਦਿਆਂ ਨੂੰ ਲੈ ਕੇ ਪੰਜਾਬ ਵਿਚ ਉੱਭਰੀ ਕਿਸਾਨੀ ਦੀ ਲਹਿਰ ਵਿਚੋਂ ਮਜ਼ਬੂਤ ਹੋਈ ਭਾਰਤੀ ਯੂਨੀਅਨ ਹੌਲੀ ਹੌਲੀ ਕਿਸਾਨਾਂ ਦੀ ਵਾਹਦ ਜਥੇਬੰਦੀ ਵਜੋਂ ਬਹੁ ਮਕਬੂਲ ਹੋਈ। ਇਹ ਵੱਖਰੀ ਗੱਲ ਹੈ ਕਿ ਵਿਚਾਰਧਾਰਕ ਅਤੇ ਰਾਜਨੀਤਕ ਮਤਭੇਦਾਂ ਕਾਰਨ ਇਹ ਅੱਗੇ ਕਈ ਧੜਿਆਂ ਵਿਚ ਵੰਡੀ ਗਈ। ਇਸ ਕਿਸਾਨੀ ਅੰਦੋਲਨ ਅਤੇ ਰਾਜ ਤੇ ਕੇਂਦਰ ਸਰਕਾਰ ਪ੍ਰਤੀ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਜਾਰੀ ਸੰਘਰਸ਼ ਨੇ ਕਈ ਕਿਸਾਨ ਆਗੂ ਵੀ ਪੈਦਾ ਕੀਤੇ।

ਬਲਬੀਰ ਸਿੰਘ ਰਾਜੇਵਾਲ ਅਜਿਹਾ ਹੀ ਇਕ ਕਿਸਾਨ ਆਗੂ ਹੈ ਜੋ ਕਿਸਾਨ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਕਿਸਾਨੀ ਅਤੇ ਖੇਤੀ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਅੱਸੀਵਿਆਂ ਦੇ ਦਹਾਕੇ ਵਿਚ ਪੰਜਾਬ ਦੇ ਕਿਸਾਨੀ ਅੰਦੋਲਨ ਵਿਚ ਦੋ ਨਾਂ ਹੀ ਲਏ ਜਾਂਦੇ ਸਨ, ਅਜਮੇਰ ਸਿੰਘ ਲੱਖੋਵਾਲ ਅਤੇ ਬਲਬੀਰ ਸਿੰਘ ਰਾਜੇਵਾਲ। ਨੱਬੇਵਿਆਂ ਵਿਚ ਬਲਬੀਰ ਸਿੰਘ ਰਾਜੇਵਾਲ ਨੇ ਆਪਣਾ ਅਲੱਗ ਗਰੁੱਪ ਕਾਇਮ ਕਰ ਲਿਆ ਕਿਉਂਕਿ ਉਹ ਆਪਣੇ ਸਾਥੀ ਅਜਮੇਰ ਸਿੰਘ ਲੱਖੋਵਾਲ ਦੀ ਰਾਜਨੀਤਕ ਵਿਚਾਰਧਾਰਾ ਨਾਲ ਸਹਿਮਤ ਨਹੀਂ ਸੀ। ਅਜਮੇਰ ਸਿੰਘ ਲੱਖੋਵਾਲ ਦੇ ਪੂਰੀ ਤਰ੍ਹਾਂ ਅਕਾਲੀ ਦਲ ਦੇ ਸਿਆਸੀ ਖੇਮੇ ਵਿਚ ਜਾਣ ਕਰਕੇ ਕਿਸਾਨੀ ਸੰਘਰਸ਼ ਦਾ ਪਿੜ ਬਲਬੀਰ ਸਿੰਘ ਰਾਜੇਵਾਲ ਲਈ ਖਾਲੀ ਹੋ ਗਿਆ, ਜਿਨ੍ਹਾਂ ਨੇ ਸ਼ੁਰੂ ਤੋਂ ਹੀ ਕਿਸਾਨੀ ਦੇ ਹਿੱਤਾਂ ਅਤੇ ਮੁੱਦਿਆਂ ਨੂੰ ਲੈ ਕੇ ਅੰਦੋਲਨ ਦੀ ਅਗਵਾਈ ਕੀਤੀ। ਸ੍ਰੀ ਰਾਜੇਵਾਲ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਖਿਲਾਫ਼ ਅਨੇਕਾਂ ਕਿਸਾਨ ਅੰਦੋਲਨ ਛੇੜੇ ਅਤੇ ਕਿਸਾਨਾਂ ਦੀ ਤਾਕਤ ਦੇ ਬਲਬੂਤੇ ਸਮੇਂ ਸਮੇਂ ਬਹੁਤ ਸਾਰੀਆਂ ਮੰਗਾਂ ਵੀ ਮਨਵਾਈਆਂ। ਉਹ ਸਿਆਸੀ ਤੌਰ 'ਤੇ ਸਮੇਂ ਸਮੇਂ ਕਾਂਗਰਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਦੇ ਨੇੜੇ ਵੀ ਰਹੇ ਪਰ ਕੋਈ ਅਹੁਦਾ ਜਾਂ ਸਰਕਾਰੀ ਪੁਜੀਸ਼ਨ ਹਾਸਲ ਨਹੀਂ ਕੀਤੀ।

ਬਲਬੀਰ ਸਿੰਘ ਦੇਸ਼ ਦੀ ਸਿਆਸਤ ਅਤੇ ਵੱਖ ਵੱਖ ਕਿਸਾਨੀ ਮੁੱਦਿਆਂ ਨੂੰ ਲੈ ਕੇ ਕਈ ਵਾਰ ਸਿਆਸੀ ਪਾਰਟੀਆਂ ਜਾਂ ਭਰਾਤਰੀ ਜਥੇਬੰਦੀਆਂ ਨਾਲ ਅਸਹਿਮਤ ਵੀ ਰਹੇ ਪਰ ਕਿਸਾਨਾਂ ਦੇ ਹਿੱਤਾਂ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਪੰਜਾਬ ਵਿਚ ਖੇਤੀਬਾੜੀ ਲਈ ਮੁਫ਼ਤ ਬਿਜਲੀ ਅਤੇ ਬਿਜਲੀ ਪਾਣੀ ਦੇ ਪਿਛਲੇ ਬਿਲ ਵਾਪਸ ਕਰਵਾਉਣ ਵਿਚ ਉਨ੍ਹਾਂ ਦੀ ਵੱਡੀ ਭੂਮਿਕਾ ਰਹੀ ਹੈ। ਉਨ੍ਹਾਂ ਦੀ ਲੀਡਰਸ਼ਿਪ ਨੇ ਇਹ ਵੀ ਸਾਬਤ ਕਰ ਵਿਖਾਇਆ ਹੈ ਕਿ ਕਿਸਾਨ ਨੇਤਾ ਕੋਈ ਅਨਪੜ੍ਹ ਜਾਂ ਬੇਦਲੀਲੇ ਲੱਠਮਾਰ ਨਹੀਂ ਹੁੰਦੇ ਸਗੋਂ ਉਹ ਪਿੰਡ ਦੀ ਪੰਚਾਇਤ ਤੋਂ ਲੈ ਕੇ ਕੌਮਾਂਤਰੀ ਪੱਧਰ (ਸੰਯੁਕਤ ਰਾਸ਼ਟਰ) ਤੱਕ ਸਾਰੇ ਨੇਮਾਂ ਅਤੇ ਕਾਨੂੰਨਾਂ ਦੇ ਗਿਆਤਾ ਹਨ। ਉਹ ਕਿਸਾਨੀ ਨਾਲ ਸਬੰਧਤ ਹਰ ਮੁੱਦੇ, ਹਰ ਕਾਨੂੰਨ ਉਪਰ ਬਾਦਲੀਲ ਗੱਲ ਕਰਦੇ ਹਨ। ਉਹ ਜੌਹਲ ਕਮੇਟੀ, ਸਵਾਮੀਨਾਥਨ ਕਮੇਟੀ ਅਤੇ ਖੇਤੀ ਲਾਗਤਾਂ ਤੇ ਭਾਅ ਸਬੰਧੀ ਬਣੇ ਹੋਰ ਅਨੇਕਾਂ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਅਤੇ ਰਿਪੋਰਟਾਂ ਦਾ ਅਧਿਐਨ ਕਰਨ ਵਾਲੇ



ਵਾਹਦ ਕਿਸਾਨ ਨੇਤਾ ਹਨ। ਕੇਂਦਰ ਵਿਚਲੀ ਨਰਿੰਦਰ ਮੋਦੀ ਸਰਕਾਰ ਵਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਬਾਰੇ ਵੀ ਉਹ ਇਕ ਇਕ ਨੁਕਤੇ ਤੇ ਟਿੱਪਣੀ ਕਰਕੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਨਿਰਉੱਤਰ ਕਰ ਦਿੰਦੇ ਹਨ।

ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ਼ ਪਿਛਲੇ ਸਵਾ ਮਹੀਨੇ ਤੋਂ ਤੇਜ਼ ਹੋਏ ਕਿਸਾਨ ਅੰਦੋਲਨ ਅਤੇ ਕਿਸਾਨੀ ਫੌਜਾਂ ਵਲੋਂ ਦਿੱਲੀ ਦੀ ਘੇਰਾਬੰਦੀ ਨੇ ਭਾਵੇਂ ਬਹੁਤ ਸਾਰੇ ਨੇਤਾ ਅਤੇ ਵਿਚਾਰਵਾਨ ਪੈਦਾ ਕੀਤੇ ਹਨ ਪਰ ਬਲਬੀਰ ਸਿੰਘ ਰਾਜਵੇਲ ਦੀ ਅਗਵਾਈ ਇਕ ਤਜਰਬੇਕਾਰ ਜਰਨੈਲ ਵਾਂਗ ਹੈ ਜੋ ਪੂਰੀ ਰਣਨੀਤੀ ਨਾਲ ਇਸ ਅੰਦੋਲਨ ਨੂੰ ਚਲਾ ਰਿਹਾ ਹੈ। ਹੋਰਨਾਂ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਨਾਲ ਤਾਲਮੇਲ ਕਰਨਾ ਅਤੇ ਪੂਰੇ ਅੰਦੋਲਨ ਵਿਚ ਅਨੁਸਾਸ਼ਨ ਬਣਾਏ ਰੱਖਣ ਵਿਚ ਸ੍ਰੀ ਰਾਜੇਵਾਲ ਦੀ ਵੱਡੀ ਭੂਮਿਕਾ ਹੈ। ਭਾਵੇਂ ਸ਼ੰਭੂ ਬਾਡਰ ਤੋਂ ਕਿਸਾਨ ਕਾਫ਼ਲੇ ਦੇ ਦਿੱਲੀ ਵਲ ਧਾਵੇ ਅਤੇ ਪੁਲੀਸ ਰੋਕਾਂ ਤੋੜਣ ਸਬੰਧੀ ਸ਼ੁਰੂ ਵਿੱਚ ਧੀਮੀ ਸੁਰ ਰੱਖਣ ਵਾਲੀ ਪਹੁੰਚ ਕਾਰਨ ਸ੍ਰੀ ਰਾਜੇਵਾਲ ਬਾਰੇ ਲੋਕਾਂ ਵਿੱਚ ਘੁਸਰ ਮੁਸਰ ਵੀ ਹੋਈ।

ਪਰ ਸ਼ੰਭੂ ਕਿਸਾਨ ਮੋਰਚੇ ਵਿੱਚ ਕੇਸਰੀ ਨਿਸ਼ਾਨ ਝੁਲਾਉਣ ਅਤੇ ਨਿਹੰਗ ਸਿੰਘਾਂ ਦੀ ਹਾਜ਼ਰੀ ਬਾਰੇ ਸਟੇਜ ਤੋਂ ਕਿੰਤੂ ਪ੍ਰੰਤੂ ਕਰਨ ਵਿਰੁਧ ਕਈ ਹਲਕਿਆਂ ਦੇ ਰੋਹ ਦਾ ਸਾਹਮਣਾ ਕਰਨਾ। ਪਰ ਤਜਰਬੇ ਅਤੇ ਸਮਝਦਾਰ ਰਾਜੇਵਾਲ ਨੇ ਆਪਣੇ ਤੋਂ ਹੋਈ ਗਲਤੀ ਦੀ ਸੰਗਤ ਕੋਲੋਂ ਮੁਆਫ਼ੀ ਮੰਗਣ ਨਾਲ ਮਸਲਾ ਉਭਰਨ ਤੇ ਉਲਝਣ ਦੀ ਬਜਾਏ ਸਮੇਂ ਸਿਰ ਸੁਲਝ ਗਿਆ।

78 ਸਾਲ ਦੀ ਉਮਰ ਵਿਚ ਕਿਸਾਨ ਯੂਨੀਅਨ ਅਤੇ ਕੌਮਾਂਤਰੀ ਪੱਧਰ ਦੇ ਇਸ ਇਤਿਹਾਸਕ ਮੋਰਚੇ ਦੀ ਅਗਵਾਈ ਰਾਹੀਂ ਭਾਰਤ ਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਕਰ ਰਹੀ ਲੀਡਰਸ਼ਿਪ ਰਾਜੇਵਾਲ ਨੂੰ ਮੋਹਰੀਆਂ 'ਚ ਹੋਣ ਦਾ ਮਾਣ ਹਾਸਲ ਹੈ।

ਬਾਕੀ ਸਫ਼ਾ 14 'ਤੇ

## ਕਿਸਾਨ ਤੇ ਕਿਰਤੀ ਮਸਲਿਆਂ ਨੂੰ ਪ੍ਰਣਾਇਆ : ਜੋਗਿੰਦਰ ਸਿੰਘ ਉਗਰਾਹਾਂ

**ਜੋਗਿੰਦਰ ਸਿੰਘ ਮਾਨ**

ਰਾਜਧਾਨੀ ਦਿੱਲੀ ਵਿਖੇ ਕਾਲੇ ਕਾਨੂੰਨਾਂ ਵਿਰੁੱਧ ਲੜੇ ਜਾ ਰਹੇ ਕਿਸਾਨੀ ਘੋਲ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੇ ਕੱਦ ਨੂੰ ਹੋਰ ਉੱਚਾ ਕੀਤਾ ਹੈ, ਬੇਸ਼ੱਕ ਪੰਜਾਬ ਵਿੱਚ ਪਹਿਲਾ ਤੋਂ ਹੀ ਵੱਡੇ ਤਾਕਤਵਰ ਘੋਲਾਂ ਲਈ ਜਾਣੀ ਜਾਂਦੀ ਇਸ ਜਥੇਬੰਦੀ ਦਾ ਆਪਣਾ ਵਿਧਾਨ ਐ, ਸੰਵਿਧਾਨ ਐ ਅਤੇ ਸਿਆਸਤ ਤੋਂ ਕੋਹਾਂ ਪਰੇ ਐ। ਇਸ ਜਥੇਬੰਦੀ ਦੇ ਆਪਣੇ ਅਨੁਸ਼ਾਸਨੀ ਏਜੰਡੇ ਨੇ, ਜੋ ਇਸ ਜਥੇਬੰਦੀ ਨੂੰ ਹੋਰਨਾਂ ਜਥੇਬੰਦੀਆਂ ਤੋਂ ਵੱਖ ਕਰਦੇ ਨੇ। ਕਰੋੜਾਂ ਰੁਪਏ ਦੇ ਬਜਟ ਹੋਣ ਦੇ ਬਾਵਜੂਦ ਵੀ ਜਥੇਬੰਦੀ ਵਿੱਚ ਕਦੇ ਕੋਈ ਗੱਲ ਅੰਦਰੋਂ ਕੋਈ ਚਰਚਾ ਦਾ ਵਿਸ਼ਾ ਨਹੀ ਬਣੀ। ਪਿੰਡ ਪੱਧਰ, ਬਲਾਕ, ਜ਼ਿਲ੍ਹਾ, ਸਟੇਟ ਤੱਕ ਇੱਕ ਮਜਬੂਤ ਬਣਤਰ ਹੈ, ਪਿੰਡ ਤੋ ਸਟੇਟ ਤੱਕ ਹਿਸਾਬ ਕਿਤਾਬ ਦਾ ਇਕ ਸਿਸਟਮ ਹੈ। ਜਥੇਬੰਦੀ ਹਰ ਆਗੂ ਨੂੰ ਬਣਦਾ ਖਰਚਾ ਪੇ ਕਰਦੀ ਹੈ ਤੇ ਉਸ ਦੇ ਹਰ ਹਿਸਾਬ ਕਿਤਾਬ ਦਾ ਲੇਖਾ ਜੋਖਾ ਬਕਾਇਦਾ ਸਮੇਂ ਸਿਰ ਹੁੰਦਾ ਹੈ।ਪਿਛਲੇ 18 ਸਾਲਾਂ ਤੋਂ ਇਕੋ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਿੱਚ ਇਹ ਜਥੇਬੰਦੀ ਚਲ ਰਹੀ ਹੈ। 75 ਸਾਲਾ ਉਮਰ ਨੂੰ ਢੁਕਿਆ ਉਗਰਾਹਾਂ ਪਹਿਲਾਂ ਵੀ ਸਧਾਰਨ ਕਿਸਾਨ ਸੀ, ਹੁਣ ਵੀ ਸਧਾਰਨ ਕਿਸਾਨ ਹੈ, ਪਰ ਜਥੇਬੰਦਕ ਘੋਲਾਂ ਦਾ ਆਗੂ ਵੱਡਾ ਹੈ। ਦੋ ਧੀਆਂ ਸਨ, ਉਹ ਵਿਆਹ ਕੇ ਅਪਣੇ ਘੋਰ ਤੋਰ ਦਿੱਤੀਆਂ।ਘਰਵਾਲੀ ਜਿਸ ਨੇ 9 ਸਾਲ ਹਰ ਸੰਘਰਸ਼ ਦਾ ਹਿੱਸਾ ਬਣ ਕੇ ਜਥੇਬੰਦੀ ਨਾਲ ਔਰਤਾਂ ਦੇ ਵੱਡੇ ਇਕੱਠਾਂ ਦੀ ਲਾਮਬੰਦੀ ਕੀਤੀ, ਉਹ ਵੀ 2014 ਵਿੱਚ ਜੋਗਿੰਦਰ ਸਿੰਘ ਉਗਰਾਹਾਂ ਨੂੰ ਵਿਛੋੜਾ ਦੇ ਗਈ। ਹੁਣ ਉਹ ਇਕੱਲਿਆਂ ਹੀ ਪਰਿਵਾਰ ਦੀ ਹਰ ਕਬੀਲਦਾਰੀ ਤੋਂ ਮੁਕਤ ਹੋ ਕੇ ਪੰਜਾਬ ਦੇ ਕਿਸਾਨਾਂ ਨੂੰ ਬਣਦੇ ਹੱਕ ਦਿਵਾਉਣ ਲਈ ਜਥੇਬੰਦੀ ਦੀ ਅਗਵਾਈ ਕਰ ਰਹੇ ਹਨ।



**ਅੱਜ ਖੁਦ ਜਾਗੀ ਅਤੇ ਜਥੇਬੰਦ ਹੋਈ ਕਿਸਾਨੀ ਦਾ ਇਹ ਅਹਿਮ ਕਾਰਜ ਹੈ ਕਿ ਉਹ ਖੇਤ ਮਜਦੂਰਾਂ ਨੂੰ ਜਗਾਉਣ ਅਤੇ ਜਥੇਬੰਦ ਕਰਨ ਵਿੱਚ ਆਪਣਾ ਰੋਲ ਪਛਾਣੇ ਤੇ ਖੇਤ ਮਜਦੂਰਾਂ ਨੂੰ ਇਕ ਬਰਾਬਰ ਦੀ ਸਕਤੀ ਵਜੋਂ ਸੰਘਰਸ ਦਾ ਹਿੱਸਾ ਬਣਾਉਣ ਲਈ ਜੁਟੇ।**

ਉਹ ਦਸਵੀਂ ਪਾਸ ਨੇ, ਕੁਝ ਸਮਾਂ ਮਿਲਟਰੀ ਚ ਕੰਮ ਕਰਦਿਆਂ ਦੇਸ਼ ਦੇ ਲੇਖੇ ਲਾਇਆ, ਫਿਰ ਖੇਤੀ ਵੀ ਕੀਤੀ, ਜਦੋਂ ਜਥੇਬੰਦੀ ਦੀਆਂ ਸਰਗਰਮੀਆਂ ਵਧੀਆ ਤਾਂ ਉਨ੍ਹਾਂ ਨੇ ਘਰ ਦੇ ਸਭ ਝਮੇਲੇ ਛੱਡ ਦਿੱਤੇ ਸ਼ੁਰੂ ਵਿੱਚ ਕੁਝ ਸਮਾਂ ਨੋਜਵਾਨ ਭਾਰਤ ਸਭਾ ਵਿਚ ਵੀ ਕੰਮ ਕੀਤਾ।ਫਿਰ ਉਨ੍ਹਾਂ ਨੇ ਸਾਰੀ ਉਮਰ ਕਿਸਾਨੀ ਘੋਲਾਂ ਨੂੰ ਸਮਰਪਿਤ ਕਰ ਦਿੱਤੀ।

ਸੰਨ 1982 ਵਿੱਚ ਉਨ੍ਹਾਂ ਨੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਅਗਵਾਈ ਵਿੱਚ ਮੈਂਬਰਸ਼ਿਪ ਲਈ, ਜਿਸ ਵਿੱਚ ਰਾਜੇਵਾਲ, ਸਿੱਧੂਪੁਰ ਸਭ ਆਗੂ ਉਸ ਸਮੇਂ ਇਸ ਜਥੇਬੰਦੀ ਵਿੱਚ ਸ਼ਾਮਲ ਸਨ। ਜਥੇਬੰਦੀ ਵਿੱਚ ਆਉਣ ਦਾ ਸਬੱਬ ਇਕ ਧੱਕੇਸ਼ਾਹੀ ਦੀ ਘਟਨਾ ਨਾਲ ਬਣਦਾ ਹੈ, ਅਪਣੇ ਝੋਨੇ ਦੀਆਂ 6 ਟਰਾਲੀਆਂ ਜਿਸ ਦੀਆਂ ਦੋ ਢੇਰੀਆਂ ਸਨ, ਮੰਡੀ ਵਿੱਚ, ਪਰ ਇੰਸਪੈਕਟਰ ਹੋਰਨਾਂ ਢੇਰੀਆ ਦੀ ਬੋਲੀ ਕਰੀ ਜਾਵੇ, ਉਨ੍ਹਾਂ ਦੀਆਂ ਢੇਰੀਆਂ ਦੇਖ ਦੇਖ ਮੁੜ ਜਾਇਆ ਕਰੇ, ਜੋਗਿੰਦਰ ਸਿੰਘ ਦਾ ਅੰਦਰਲਾ ਆਗੂ ਜਾਗਿਆ, ਉਸ ਨੇ ਇੰਸਪੈਕਟਰ ਦੀ ਬਾਂਹ ਫੜ ਲਈ, ਕਹਿੰਦਾ ਮੇਰਾ ਕੀ ਕਰ ਲੂ, ਵੱਧ ਤੋ ਵੱਧ ਥਾਣੇ ਫੜਾ ਦਿਉ। ਬਾਂਹ ਫੜੀ ਰਾਸ ਆਈ, ਮਿੰਟਾਂ ਚ ਬੋਲੀ ਕਰ ਗਿਆ। ਉਸ ਤੋ ਬਾਅਦ ਜੋਗਿੰਦਰ ਸਿੰਘ ਵੀ ਸਮਝ ਗਿਆ ਕਿ ਇਥੇ ਹੱਕ ਲੈਣ ਲਈ ਸੰਘਰਸ਼ਾਂ ਦੇ ਰਾਹ ਹੀ ਤੁਰਨਾ ਪੈਣਾ। ਜਥੇਬੰਦੀ ਵਿੱਚ ਕੰਮ ਕਰਦਿਆਂ ਇਹ ਨੀ ਸੋਚਿਆ ਸੀ ਕਦੇ ਕਿ ਵੱਡੀਆਂ ਜ਼ਿੰਮੇਵਾਰੀਆਂ ਪੈਣਗੀਆਂ। ਲੱਖੋਵਾਲ ਦੀ ਅਗਵਾਈ ਚ ਕੰਮ ਕਰਦਿਆਂ ਜਿਸ ਵਪਾਰੀ, ਸਿਆਸਤ, ਸਰਮਾਏਦਾਰੀ ਦੇ ਵਿਰੁੱਧ ਏਜੰਡੇ ਨੂੰ ਲੈ ਕੇ ਕੰਮ ਕਰ ਰਹੇ ਸੀ, ਉਸ ਵਿੱਚ ਗੜਬੜਾਂ ਹੋਣ ਲੱਗੀਆਂ, ਜਿਸ ਕਰਕੇ ਸਾਲ 2002 ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਹੋਂਦ ਵਿੱਚ ਆਈ, ਬੇਸ਼ੱਕ ਇਸ ਤੋ ਪਹਿਲਾ ਲੱਖੋਵਾਲ, ਰਾਜੇਵਾਲ, ਸਿੱਧੂਪੁਰ ਦੇ ਧੜੇ ਵੀ ਸਮੇਂ ਸਮੇ ਵੱਖ ਵੱਖ ਹੋਏ। ਵੱਖਰੀ ਜਥੇਬੰਦੀ, ਪ੍ਰਧਾਨਗੀ ਦੀ ਜ਼ਿੰਮੇਵਾਰੀ ਤੋ ਬਾਅਦ ਘਰ ਦੀਆਂ ਕਬੀਲਦਾਰੀਆਂ ਛੱਡਣੀਆਂ ਪਈਆ। ਦੋ ਲੜਕੀਆਂ ਸਨ, ਇਕ ਲੜਕੀ ਦਾ ਵਿਆਹ ਕਰ ਦਿੱਤਾ ਸੀ, ਪਰ ਜਦੋਂ 2004 ਵਿੱਚ ਇਕ ਘੋਲ ਦੌਰਾਨ ਨਾਲ ਗਈ ਘਰ ਵਾਲੀ ਨੂੰ ਜੇਲ੍ਹ ਹੋ ਗਈ, ਬਾਅਦ ਵਿੱਚ ਉਸ ਨੂੰ ਉਸੇ ਜੇਲ ਵਿੱਚ ਭੇਜ ਦਿੱਤਾ ਗਿਆ, ਅਤੇ ਇਕੱਠਿਆਂ ਦੀਵਾਲੀ ਵੀ ਉਥੇ ਲੰਘੀ, ਜਿਸ ਤੋ ਬਾਅਦ ਘਰ ਵਾਲੀ ਵੀ ਹੋਰ ਸਰਗਰਮੀ ਨਾਲ ਕੰਮ ਕਰਨ ਲੱਗੀ। ਘਰ ਦੀ ਰੋਕ ਟੋਕ ਵੀ ਬੰਦ ਹੋ ਗਈ, ਜੇਲ੍ਹ ਵਿੱਚ ਜਾਣ ਸਮੇਂ ਦੂਜੀ ਲੜਕੀ ਰਹਿ ਗਈ ਸੀ, ਜਿਸ ਦੀ ਸੰਭਾਲ ਲਈ ਉਸਦੀ ਭੂਆ ਨੂੰ ਕਿਹਾ ਗਿਆ, ਪਰ ਬਾਅਦ ਵਿਚ ਉਸ ਦਾ ਵੀ ਵਿਆਹ ਕਰਕੇ ਤੋਰ ਦਿੱਤੀ, ਆਪ ਖੇਤੀ ਕਰਨੀ ਵੀ ਛੱਡ ਦਿੱਤੀ। ਘਰ ਵਿੱਚ ਜੋ ਕਿਸੇ ਵੇਲੇ ਵੱਡੀ ਗਿਣਤੀ ਵਿੱਚ ਮੱਝਾਂ ਸਨ, ਉਹ ਵੀ ਵੇਚ ਦਿੱਤੀਆਂ, ਆਖਰ ਦੋ ਕੁ ਮੱਝਾਂ ਬਚੀਆਂ ਸੀ, ਉਹ ਵੀ ਭੈਣ ਕੋਲ ਭੇਜ ਦਿੱਤੀਆਂ।

ਬਾਕੀ ਸਫ਼ਾ 14 'ਤੇ

# ਸੰਘਰਸ਼ ਹੁਣ ਕਿਸਾਨੀ ਮੰਗਾਂ ਤੋਂ ਅਗਾਂਹ ਤਾਨਾਸਾਹ ਬਿਰਤੀ ਵਾਲੇ ਦਿੱਲੀ ਤਖਤ ਤੇ ਕਾਰਪੋਰੇਟੀ ਲੁੱਟ ਖਿਲਾਫ ਲੋਕ ਸੰਘਰਸ਼ ਬਣ ਗਿਐ

## ਕਿਰਸਾਨੀ ਸੰਘਰਸ਼ ਦੇ ਮੌਜੂਦਾ ਪੜਾਅ ਨਾਲ ਜੁੜੇ ਅਹਿਮ ਮਸਲਿਆਂ ਬਾਰੇ ਸਾਂਝਾ ਬਿਆਨ

**ਕੁੰਡਲੀ/ਸਿੰਘੂ ਬਾਰਡਰ:** ਕਿਰਸਾਨੀ ਸੰਘਰਸ਼ ਦੇ ਮੌਜੂਦਾ ਪੜਾਅ ਉੱਤੇ ਉੱਭਰੇ ਅਹਿਮ ਮਸਲਿਆਂ ਬਾਰੇ ਵੱਖ-ਵੱਖ ਵਿਚਾਰਕਾਂ, ਕਿਸਾਨਾਂ, ਪੰਥ ਸੇਵਕਾਂ ਅਤੇ ਹੋਰਨਾਂ ਸਖਸੀਅਤਾਂ ਨੇ ਇੱਕ ਸਾਂਝਾ ਬਿਆਨ ਜਾਰੀ ਕੀਤਾ ਹੈ।

**ਸਾਂਝਾ ਬਿਆਨ**

ਕਿਰਸਾਨੀ ਸੰਘਰਸ਼ ਦੀ ਬੁਲੰਦੀ ਗੁਰੂ ਨਾਨਕ ਸੱਚੇ ਪਾਤਿਸਾਹ ਹਜੂਰ ਦੀ ਅਗੰਮੀ ਕਲਾ ਦਾ ਜਾਹਰਾ ਪ੍ਰਗਟਾਵਾ ਹੈ। ਅੱਜ ਹਰ ਵਰਗ ਦਾ ਦਾਨਾ ਮਨੁੱਖ ਤਸਲੀਮ ਕਰ ਰਿਹਾ ਹੈ ਕਿ ਖਾਲਸਾ ਪੰਥ ਵੱਲੋਂ ਜਰਵਾਣੇ ਦਾ ਰੂਪ ਧਾਰ ਚੁੱਕੇ ਦਿਲੀ ਤਖਤ ਖਿਲਾਫ ਨਿਮਾਣੇ ਕਿਸਾਨੀ ਵਰਗ ਦੇ ਪੱਖ ਵਿੱਚ ਧਿਰ ਬਣ ਕੇ ਗੁਰਮਤਿ ਦੇ "ਸਰਬੱਤ ਦੇ ਭਲੇ" ਦੇ ਆਦਰਸ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।

ਇਸ ਕਿਸਾਨੀ ਸੰਘਰਸ਼ ਦੀ ਖਾਸੀਅਤ ਇਹ ਹੈ ਕਿ ਅਜੇ ਤੱਕ ਫੈਸਲੇ ਲੋਕ ਲੈ ਰਹੇ ਹਨ ਅਤੇ ਸੰਯੁਕਤ ਕਿਸਾਨ ਮੋਰਚਾ ਲੋਕਾਈ ਦੇ ਤਰਜਮਾਨ ਦੀ ਭੂਮਿਕਾ ਨਿਭਾਅ ਰਿਹਾ ਹੈ।

ਸੰਯੁਕਤ ਕਿਸਾਨ ਮੋਰਚੇ ਵਿੱਚ ਵੱਖੋ ਵੱਖ ਰਾਜਸੀ ਅਤੇ ਧਾਰਮਿਕ ਵਿਚਾਰਾਂ ਵਾਲੀਆਂ ਧਿਰਾਂ ਸਾਮਲ ਹਨ। ਇਸ ਸੰਘਰਸ਼ ਵਿਚ ਕਿਸਾਨਾਂ ਤੋਂ ਇਲਾਵਾ ਬਹੁਤ ਸਾਰੇ ਸਮਾਜਕ ਵਰਗ ਅਤੇ ਵੱਖ ਵੱਖ ਧਾਰਮਿਕ ਮੱਤਾਂ ਨੂੰ ਮੰਨਣ ਵਾਲੇ ਜਥੇ ਸਹਿਯੋਗੀਆਂ ਵੱਜੋਂ ਸਮੂਲੀਅਤ ਕਰ ਰਹੇ ਹਨ।

ਇਹ ਸੰਘਰਸ਼ ਸਿਰਫ ਕਿਸਾਨੀ ਦਾ ਨਾ ਰਹਿ ਕੇ ਤਾਨਾਸਾਹ ਬਿਰਤੀ ਵਾਲੇ ਦਿੱਲੀ ਤਖਤ ਅਤੇ ਕਾਰਪੋਰੇਟੀ ਲੁੱਟ ਖਿਲਾਫ ਲੋਕ ਸੰਘਰਸ਼ ਬਣ ਗਿਆ ਹੈ।

ਪਰ ਕਿਉਂਕਿ ਮੌਜੂਦਾ ਮਸਲਾ ਖੇਤੀਬਾੜੀ ਨਾਲ ਸੰਬੰਧਤ ਹੈ ਇਸ ਲਈ ਇਸ ਸੰਘਰਸ਼ ਦਾ ਤਰਜਮਾਨ ਹੋਣਾ ਕਿਸਾਨੀ ਧਿਰਾਂ ਦਾ ਵਾਜਬ ਹੱਕ ਹੈ। ਹਾਂ ਇਹ ਜਰੂਰ ਹੈ ਕਿ ਅਸੀਂ ਇਸ ਗੱਲ ਦੀ ਪਹਿਰੇਦਾਰੀ ਕਰੀਏ ਕਿ ਕਿਸਾਨੀ ਲੀਡਰਸਿਪ ਲੋਕਾਂ ਦੀਆਂ ਭਾਵਨਾਵਾਂ ਦੇ ਅਨੁਸਾਰ ਹੀ ਸਰਕਾਰ ਨਾਲ ਗੱਲ-ਬਾਤ ਕਰੇ।

ਬੇਸਕ ਮਸਲਾ ਸਮੁੱਚੇ ਇੰਡੀਆ ਦੇ ਕਿਸਾਨਾਂ ਨਾਲ ਸੰਬੰਧਤ ਹੈ ਪਰ ਜਿਸ ਤਰੀਕੇ ਨਾਲ ਦੁਨੀਆ ਭਰ ਵਿੱਚ ਵੱਸਦੇ ਹਰ ਪੇਸੇ ਨਾਲ ਸੰਬੰਧਤ ਸਿੱਖਾਂ ਨੇ ਇਕਮੁਠਤਾ ਨਾਲ ਇਸ ਮਸਲੇ ਵਿੱਚ ਦਿੱਲੀ ਤਖਤ ਨੂੰ ਚੁਣੌਤੀ ਦੇਣ ਵਿੱਚ ਆਪਣੀ ਭੂਮਿਕਾ ਨਿਭਾਈ ਹੈ ਉਸ ਤੋਂ ਚਿੰਤਾਤੁਰ ਹੋ ਕੇ ਪਿਛਲੇ ਕੁਝ ਦਿਨ ਤੋਂ ਇੰਡੀਆ ਸਰਕਾਰ ਸਿੱਖ ਸੰਗਤਿ ਦੀ ਖੁਸਾਮਦ ਉੱਤੇ ਉਤਰੀ ਹੋਈ ਹੈ।

ਸਰਕਾਰ ਵੱਲੋਂ ਚੱਲ ਰਹੇ ਸਾਂਝੇ ਕਿਸਾਨੀ ਸੰਘਰਸ਼ ਨੂੰ ਨੀਵਾਂ ਦਿਖਾਉਣ ਲਈ ਪਹਿਲਾਂ ਕੁਛ ਅਖੌਤੀ ਕਿਸਾਨ ਜਥੇਬੰਦੀਆਂ ਨਾਲ ਗੱਲ-ਬਾਤ ਦਾ ਸਵਾਂਗ ਰਚਿਆ ਗਿਆ।

ਹੁਣ ਸਰਕਾਰ ਵੱਲੋਂ ਸਿੱਖਾਂ ਅਤੇ ਸੰਯੁਕਤ ਕਿਸਾਨ ਮੋਰਚੇ ਵਿੱਚ ਬੇਵਿਸ਼ਵਾਸ਼ੀ ਪੈਦਾ ਕਰਨ ਦੀ ਮਨਸਾ ਨਾਲ ਸਿੱਖ ਚਿਹਰਿਆਂ ਨਾਲ ਗੱਲ-ਬਾਤ ਕਰਨ ਦੇ ਯਤਨ ਹੋ ਰਹੇ ਹਨ।

ਦਿੱਲੀ ਤਖਤ ਦੀ ਤਾਸੀਰ ਨੂੰ ਸਮਝਦਿਆਂ ਅਤੇ ਪੰਜਾਬ ਦੇ ਦਿੱਲੀ ਦੀ ਹਕੂਮਤ ਨਾਲ ਚਲ ਰਹੇ ਲੰਮੇ ਸੰਘਰਸ਼ ਤੋਂ ਸਿੱਖਿਆ ਲੈਂਦਿਆਂ, ਸਾਨੂੰ ਇਸ ਸਰਗਰਮੀ ਤੋਂ ਸੁਚੇਤ ਰਹਿਣ ਦੀ ਲੋੜ ਹੈ ਕਿਉਂਕਿ ਸਰਕਾਰ ਵੱਧ ਧਿਰਾਂ ਨੂੰ ਵੱਖੋ-ਵੱਖ ਰੂਪ ਵਿੱਚ ਗੱਲਬਾਤ ਵਿੱਚ ਸਾਮਿਲ ਕਰਕੇ ਸਾਂਝੇ ਕਿਸਾਨੀ ਸੰਘਰਸ਼ ਵਿੱਚ ਦੁਫੇੜ ਪਾਉਣਾ ਚਾਹੁੰਦੀ ਹੈ, ਜਿਹਾ ਕਿ ਸਰਕਾਰ ਨੇ ਸੰਨ 1985 ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਵਕਤ ਸਿੱਖ ਸਿਆਸੀ ਧਿਰਾਂ ਨਾਲ ਚਲਾਈ ਗੱਲਬਾਤ ਵੇਲੇ ਕੀਤਾ ਸੀ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਧਰਮ ਯੁੱਧ ਮੋਰਚੇ ਵੇਲੇ ਦਿੱਲੀ ਤਖਤ ਨੇ ਅਕਾਲੀਆਂ ਨੂੰ ਗੱਲ-ਬਾਤ ਵਿਚ ਸਮੂਲੀਅਤ ਕਰਵਾ ਕੇ ਕਿਵੇਂ ਠਿੱਠ ਕੀਤਾ ਸੀ। ਜਦੋਂ ਤੱਕ ਕਿਸਾਨੀ ਧਿਰਾਂ ਸਾਬਤ ਕਦਮੀ ਨਾਲ ਗੱਲ-ਬਾਤ ਕਰ ਰਹੀਆਂ ਹਨ ਉਦੋਂ ਤੱਕ ਸਾਡੀ ਭੂਮਿਕਾ ਪਹਿਰੇਦਾਰੀ ਦੀ ਹੀ ਬਣਦੀ ਹੈ।

ਨਵੇਂ ਬਣੇ ਖੇਤੀ ਕਾਨੂੰਨ ਲਾਗੂ ਕਰਨ ਜਾਂ ਨਾ ਕਰਨ ਦਾ ਫੈਸਲਾ ਫੈਡਰਲਿਜਮ ਦੇ ਅਸੂਲਾਂ ਮੁਤਾਬਕ ਸੂਬਾ ਸਰਕਾਰ ਦੇ ਇਖਤਿਆਰ ਵਿੱਚ ਛੱਡਣ ਬਾਰੇ ਇੰਡੀਆ ਸਰਕਾਰ ਵੱਲੋਂ ਦਿੱਤਾ ਸੁਝਾਅ ਵੀ ਸਾਨੂੰ ਛਲਾਵਾ ਹੀ ਜਾਪਦਾ ਹੈ।

ਜੇਕਰ ਦਿੱਲੀ ਤਖਤ ਸੁਹਿਰਦ ਹੈ ਤਾਂ ਉਸ ਵਲੋਂ ਕੀਤੀ ਜਾ ਰਹੀ ਗੱਲਬਾਤ ਦਾ ਦਾਇਰਾ ਫੈਡਰਲ ਢਾਂਚੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਕੇਂਦਰ-ਰਾਜ ਸੰਬੰਧਾਂ ਨੂੰ ਮੁੜਪ੍ਰਭਾਸਤਿ ਕਰਨਾ ਹੋਣਾ ਚਾਹੀਦਾ; ਜਾਂ ਘੱਟੋ ਘੱਟ ਗੱਲ-ਬਾਤ ਦਾ ਦਾਇਰਾ ਇਸ ਕਿਸਾਨੀ ਸੰਘਰਸ਼ ਦੇ ਮੱਦੇਨਜਰ ਖੇਤੀ-ਬਾੜੀ ਨਾਲ ਸੰਬੰਧਤ ਵਣਜ, ਵਪਾਰ, ਮੰਡੀਕਰਣ, ਮੁੱਲ ਮਿੱਥਣਾ, ਭੰਡਾਰਣ ਆਦਿ ਸਾਰੇ ਵਿਸ਼ਿਆਂ ਦੇ ਇਖਤਿਆਰ ਸੂਬਾ ਸਰਕਾਰਾਂ ਨੂੰ ਦੇਣ ਦਾ ਹੋਣਾ ਚਾਹੀਦਾ, ਤਾਂ ਕਿ ਸੂਬਾ ਕੇਂਦਰਤ ਖੇਤੀ ਮਾਡਲ ਸਿਰਜਿਆ ਜਾ ਸਕੇ। ਫਿਲਹਾਲ ਸਰਕਾਰ ਵਲੋਂ ਇਸ ਤਰ੍ਹਾਂ ਦੀ ਕੋਈ ਪਹਿਲਕਦਮੀ ਨਜਰ ਨਹੀਂ ਆਏ ਰਹੀ।

ਫਿਰ ਵੀ ਅਗਰ ਕਿਸੇ ਸਖਸੀਅਤ ਨੂੰ ਲਗਦਾ ਹੈ ਕਿ ਦਿੱਲੀ ਤਖਤ ਸਿੱਖਾਂ ਪ੍ਰਤੀ ਸੁਹਿਰਦ ਹੈ ਅਤੇ ਆਪਣੇ ਪ੍ਰਭਾਵ ਜਾਂ ਲਿਆਕਤ ਕਰਕੇ ਉਹ ਕਿਸਾਨਾਂ ਦਾ ਭਲਾ ਕਰਵਾ ਸਕਦਾ ਹੈ ਤਾਂ ਉਹਨਾਂ ਨੂੰ ਸਰਕਾਰ ਨਾਲ ਗੱਲਬਾਤ ਤੋਂ ਪਹਿਲਾਂ ਸਰਕਾਰ ਦੀ ਭਰੋਸੇਯੋਗਤਾ ਪਰਖਣ ਲਈ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸਨ ਦੀਦਾਰ ਦਾ ਹੱਕ ਬਹਾਲ ਕਰਵਾਉਣ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਫੌਰੀ ਤੌਰ ਉੱਤੇ ਬਿਨਾ ਪਾਸਪੋਰਟ ਖੁਲ੍ਹਵਾਉਣਾ ਚਾਹੀਦਾ ਹੈ, ਅਤੇ ਦੂਜਾ ਕਿ ਜਦੋਂ ਸਰਕਾਰ ਖੇਤੀ ਲਈ ਨਵੇਂ ਸੁਧਾਰਾਂ ਦੀ ਗੱਲ ਕਰ ਰਹੀ ਹੈ ਤਾਂ ਪਹਿਲਾਂ ਲਾਗੂ ਖੇਤੀਬਾੜੀ ਮਾਡਲ (ਕਥਿਤ ਹਰੀ ਕ੍ਰਾਂਤੀ) ਦੇ ਨਤੀਜੇ ਵੱਜੋਂ ਸਾਰੇ ਮੁਲਕ ਦੇ ਛੋਟੇ ਕਿਸਾਨਾਂ ਤੇ ਖੇਤ ਮਜਦੂਰਾਂ ਸਿਰ ਚੜ੍ਹੇ ਸਮੁੱਚੇ ਕਰਜੇ ਉੱਤੇ ਲੀਕ ਫਿਰਵਾਈ ਜਾਵੇ।

ਹਰ ਸਿੱਖ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਖਾਲਸਾ ਪੰਥ ਦਾ ਦਾਅਵਾ ਪਾਤਸਾਹੀ ਦਾ ਹੈ ਇਸ ਲਈ ਖਾਲਸਾ ਪੰਥ ਦੇ ਨੁਮਾਇੰਦੇ ਦੇ ਤੌਰ ਤੇ ਦਿੱਲੀ ਤਖਤ ਨਾਲ ਤਾਂ ਸਿਰਫ ਲੋਕਾਈ ਦੀ ਅਜਾਦੀ ਦੇ ਪ੍ਰਥਾਇ ਸੱਤਾ ਨਿਜਾਮ ਬਦਲਣ ਲਈ ਹੀ ਗਲਬਾਤ ਹੋ ਸਕਦੀ ਹੈ ਇੱਕਾ ਦੁੱਕਾ ਕਾਨੂੰਨ ਲਈ ਨਹੀਂ।

ਬਾਬਾ ਹਰਦੀਪ ਸਿੰਘ ਮਹਿਰਾਜ, ਪੰਥ ਸੇਵਕ
ਅਜੈਪਾਲ ਸਿੰਘ, ਲੇਖਕ ਅਤੇ ਵਿਚਾਰਕ
ਜਸਪਾਲ ਸਿੰਘ ਮੰਝਪੁਰ, ਵਕੀਲ
ਸੁਖਪ੍ਰੀਤ ਸਿੰਘ ਉੱਦੋਕੇ, ਲੇਖਕ ਅਤੇ ਵਿਚਾਰਕ
ਮਨਧੀਰ ਸਿੰਘ, ਪੰਥ ਸੇਵਕ
ਰਾਜਪਾਲ ਸਿੰਘ ਹਰਦਿਆਲਿਆਣਾ, ਵਿਚਾਰਕ
ਗੰਗਵੀਰ ਸਿੰਘ, ਸਮਾਜਿਕ ਕਾਰਕੁੰਨ
ਦਵਿੰਦਰ ਸਿੰਘ ਸੇਖੋਂ, ਕਿਸਾਨ ਅਤੇ ਵਿਚਾਰਕ
ਪਰਮਜੀਤ ਸਿੰਘ, ਬਿਜਲਈ ਖਬਰ ਅਦਾਰੇ ਦਾ ਸੰਪਾਦਕ
ਹਰਜਿੰਦਰ ਸਿੰਘ ਮਾਂਗਟ, ਕਿਸਾਨ ਅਤੇ ਕਾਰੋਬਾਰੀ
(9 ਜਨਵਰੀ 2021)

# ਕਿਸਾਨ ਮੋਰਚੇ ਦੇ ਰੌਂਅ ਅਤੇ ਰੂਹ ਨੂੰ ਸਮਝੇ ਹਕੂਮਤ



**ਕੰਵਲਜੀਤ ਸਿੰਘ (ਡਾ.)**
ਖਡੂਰ ਸਾਹਿਬ 9815204186

ਕੇਂਦਰ ਸਰਕਾਰ ਨੇ ਪਹਿਲਾਂ ਪੰਜਾਬ ਅਤੇ ਹਰਿਆਣਾ ਵਲੋਂ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਗਏ ਸੰਘਰਸ ਨੂੰ ਬਹੁਤ ਹੀ ਅਣਸੰਵੇਦਨਸ਼ੀਲ ਢੰਗ ਨਾਲ ਅਣਗੌਲਿਆਂ ਕੀਤਾ, ਫਿਰ ਮੀਟਿੰਗ-ਰਾਜਨੀਤੀ ਨਾਲ ਖੱਜਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਫਿਰ ਆਗੂਆਂ ਨੂੰ ਕਾਬੂ ਕਰਕੇ ਮੋਰਚਾ ਖਦੇੜਨ ਲਈ ਲਗਾਤਾਰ ਜੋਰਅਜਮਾਈ ਕੀਤੀ ਪਰ ਮੋਰਚੇ ਖਿਲਾਫ ਅਪਣਾਈ ਹਰੇਕ ਨੀਤੀ ਅਤੇ ਜੁਗਤ ਪੁੱਠੀ ਪੈਂਦੀ ਆ ਰਹੀ ਹੈ। ਹਕੂਮਤ ਅਤੇ ਕਿਸਾਨ-ਮੋਰਚਾ ਆਹਮੋ ਸਾਹਮਣੇ ਡਟੇ ਹਨ ਦੋਵਾਂ ਕੋਲੋਂ ਚੋਣ ਵਿਕਲਪ ਘਟਦੇ ਜਾ ਰਹੇ ਹਨ।

ਹਰ ਕੋਈ ਇਹ ਸਵਾਲ ਪੁੱਛ ਰਿਹਾ ਹੈ ਕਿ 'ਹੁਣ' ਕੀ ਕੀਤਾ ਜਾਵੇ। ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਸਾਨੂੰ ਵਿਚਾਰਨਾ ਚਾਹੀਦਾ ਹੈ ਕਿ 'ਹੁਣ' ਦੀ ਸਥਿਤੀ ਕਿਵੇਂ ਬਣੀ ਜਾਂ ਅਸੀਂ 'ਹੁਣ' ਵਾਲੀ ਸਥਿਤੀ ਵਿਚ ਕਿਵੇਂ ਪਹੁੰਚੇ ਭਾਵ ਕਿ ਇਤਿਹਾਸ ਨੂੰ ਗਿਆਨ ਦਾ ਆਧਾਰ ਬਣਾਇਆ ਜਾਵੇ। ਜਰਮਨੀ ਦਾ ਦਿੱਗਜ ਫਲਸਫਾਦਾਨ ਹੇਗਲ, ਇਤਿਹਾਸ ਦਾ ਫਲਸਫਾ ਨਾਮੀ ਕਿਤਾਬ ਵਿਚ 'ਹੁਣ' ਸ਼ਬਦ ਨੂੰ ਜਰਮਨ ਕੌਮ ਦੀ ਸਥਿਤੀ ਦਰਸਾਉਣ ਲਈ ਵਰਤਦਾ ਹੈ ਜੋ ਜਰਮਨਾਂ ਲਈ ਭਵਿਖ ਦਾ ਨਿਸ਼ਾਨਾ ਬਣ ਗਿਆ। ਮੌਜੂਦਾ ਮੋਦੀ ਰਜੀਮ ਨੂੰ ਪੰਜਾਬ ਅਤੇ ਖਾਲਸਾ ਪੰਥ ਦੀ ਠੀਕ ਸਮਝ ਨਹੀਂ ਹੈ। ਪੰਜਾਬ ਦੀ ਜਿੰਦਗੀ ਅਲਬੇਲੀ ਰਵਾਨੀ ਵਿਚ ਵਹਿੰਦਾ ਮੁਹਾਣ ਹੈ ਜੋ ਕਿਸੇ ਰਾਜਨੀਤਕ ਪ੍ਰੋਗਰਾਮ, ਧਾਰਮਿਕ ਪ੍ਰਵਚਨ ਜਾਂ ਫਲਸਫੇ ਦਾ ਮੁਥਾਜ ਨਹੀਂ ਹੈ ਬਲਕਿ ਗੁਰੂ ਨਾਨਕ ਸੱਚ ਰਾਹੀਂ ਧੁਰ ਬੀਂ ਆਜਾਦ ਕੀਤੇ ਬੰਦਿਆਂ ਦਾ ਰੌਂਅ ਹੈ। ਮਜਲੂਮਾਂ ਦੀ ਰਾਖੀ ਤੋ ਇਲਾਵਾ ਇਹ ਸਿਰਫ ਆਪਣੀ ਇਸ ਖੁਦਮੁਖਤਾਰ ਹਸਤੀ ਨੂੰ ਦਰਪੇਸ਼ ਚੁਣੌਤੀ ਨੂੰ ਭੰਨਣ ਲਈ ਉਠਦੇ ਹਨ ਤੇ ਫਿਰ ਲੜਾਈ ਆਰ-ਪਾਰ ਦੀ ਹੁੰਦੀ ਹੈ। ਪ੍ਰਚੰਡ ਰੋਹ ਸ਼ਹਾਦਤ ਦੇ ਜਜਬੇ ਵਿਚ ਪਲਟ ਜਾਵੇ ਤਾਂ ਕੋਈ ਕੁਟਲਨੀਤੀ ਇਸਦੇ ਸਾਹਮਣੇ ਖਲੋ ਨਹੀਂ ਸਕਦੀ। ਬਿਪਰਵਾਦੀ ਰਾਜਨੀਤਕ ਪ੍ਰਬੰਧ ਵਿਚ ਬਹੁਗਿਣਤੀ ਲੋਕ ਨੈਤਿਕ ਪੱਖੋਂ ਬੌਣੇ, ਸੱਤਾ ਦੇ ਭੁੱਖੇ ਅਤੇ ਤਿਲਮਿਲਾਉਂਦੀ ਹਉਮੈ ਦੇ ਪੁਤਲੇ ਹਨ ਜੋ ਸ਼ਾਇਸਤਗੀ, ਅਣਖ, ਦਲੇਰੀ ਅਤੇ ਮੁਹੱਬਤ ਆਦਿ ਮਨੁੱਖੀ ਜਿੰਦਗੀ ਦੇ ਮੀਰੀ ਗੁਣਾਂ ਤੋਂ ਸੱਖਣੇ ਹਨ। ਮੁਗਲਾਂ ਦੀ ਸਦੀਆਂ ਲੰਮੀ ਗੁਲਾਮੀ ਅਤੇ ਮਨੂੰ ਸਿਮਰਤੀ ਵਿਚਲੇ ਦਮਨਕਾਰੀ ਤਰਕ ਨੇ ਜਿਨ੍ਹਾਂ ਨੂੰ ਰੀਂਗਣ ਵਾਲੇ ਕੀੜੇ ਬਣਾ ਦਿੱਤਾ ਹੈ ਉਹ ਬਾਜ ਦੀ ਪ੍ਰਵਾਜ ਦਾ ਭੇਦ ਨਹੀਂ ਪਾ ਸਕਦੇ। ਇਸ ਕਰਕੇ ਹਕੂਮਤ ਨੂੰ ਮੋਰਚੇ ਦੀ ਸਮਝ ਨਹੀਂ ਲੱਗ ਰਹੀ। ਹਕੂਮਤ ਮੋਰਚੇ ਦੀ ਅਛੋਹ ਮੌਲਿਕਤਾ ਦਾ ਤਾਲ ਪਛਾਨਣ ਵਿਚ ਅਸਫਲ ਰਹੀ ਹੈ। ਪੰਜਾਬ ਨੇ ਇਹ ਮੌਲਿਕਤਾ ਸਿੱਖਾਂ ਦੁਆਰਾ ਜਰਵਾਣਿਆਂ ਨਾਲ ਲੜੀਆਂ ਲਹੂ ਵੀਟਵੀਆਂ ਜੰਗਾਂ ਵਿਚੋਂ ਸਦੀਆਂ ਵਿਚ ਕਸ਼ੀਦ ਕੀਤੀ ਹੈ ਜੋ ਸਿਰਜਣਾਤਮਕ ਸ਼ਕਤੀ ਵਜੋਂ ਮੋਰਚੇ ਵਿਚ ਪ੍ਰਵਾਹਮਾਨ ਹੈ । ਹਕੂਮਤ ਇਸ ਮੌਲਿਕਤਾ ਨਾਲ ਸੰਵਾਦ ਰਚਾਉਣ ਵਿਚ ਅਸਫਲ ਰਹੀ ਹੈ ਅਤੇ ਬਾਰ ਬਾਰ ਕੇਵਲ ਕੁਟਲਨੀਤੀ ਨਾਲ ਮੋਰਚੇ ਦੀ ਕੇਂਦਰੀ ਸ਼ਕਤੀ ਨੂੰ ਮਾਤ ਦੇਣ ਦੀ ਕਸਿਸ ਕਰ ਰਹੀ ਹੈ।

ਮੋਰਚੇ ਨੂੰ ਕੋਈ ਰਾਜਨੀਤਕ ਆਗੂ, ਕਿਸਾਨ ਜਥੇਬੰਦੀ, ਜਾਂ ਧਾਰਮਿਕ ਰਾਹਬਰ ਨਹੀਂ ਚਲਾ ਰਹੇ ਇਸ ਲਈ ਇਹ ਸਾਰੇ ਮੋਰਚੇ ਦੀਆਂ ਜੇਤੂ ਧਮਕਾਂ ਨੂੰ ਮਹਿਸੂਸ ਕਰਕੇ ਵਿਸਮਾਦਿਤ ਜਾਂ ਭੈਅਭੀਤ ਤਾਂ ਹੋ ਸਕਦੇ ਹਨ ਪਰ ਇਹਨਾਂ ਨੂੰ ਰੋਕਣ ਵਿਚ ਸਫਲ ਨਹੀਂ ਹੋ ਸਕਦੇ। ਪਰ ਮੋਦੀ ਸਰਕਾਰ ਹਰ ਵਾਰ ਇਹਨਾਂ ਉਪਰ ਦਾਅ ਖੇਡ ਰਹੀ ਹੈ ਇਸ ਖੇਡ ਵਿਚ ਹਕੂਮਤ ਨੂੰ ਸ਼ਿਕਸਤ ਹੀ ਮਿਲਣੀ ਹੈ। ਖਾਲਸਾ ਪੰਥ ਇਸ ਮੋਰਚੇ ਦਾ ਰੂਹੇ ਰਵਾਂ ਹੈ। ਸੰਘਰਸ ਵਿਚ ਬੇਸ਼ੱਕ ਹਰਿਆਣਾ ਸਮੇਤ ਖੱਬੇ ਪੱਖੀ ਧਿਰਾਂ ਵੀ ਸ਼ਾਮਲ ਹਨ ਪਰ ਹਰੇਕ ਕਿਸਮ ਦੀ ਸ਼ਕਤੀ ਦਾ ਸਭ ਤੋਂ ਵੱਡਾ ਸ੍ਰੋਤ ਖਾਲਸਾ ਪੰਥ ਹੀ ਹੈ।

ਹੁਣ ਵਾਲੀ ਸਥਿਤੀ ਹਕੂਮਤ ਵੱਲੋਂ ਪੰਥ, ਪੰਜਾਬ ਅਤੇ ਮੋਰਚੇ ਨੂੰ ਸਮਝਣ ਵਿਚ ਅਸਮਰੱਥ ਰਹਿਣ ਕਾਰਨ ਪੈਦਾ ਹੋਈ ਹੈ। ਮੋਰਚੇ ਦੀ ਇਕਸੁਰ ਭਾਵਨਾ ਕਾਨੂੰਨ ਰੱਦ ਕਰਵਾਉਣ ਦੀ ਹੈ । ਮੋਰਚੇ ਵਾਲੇ ਪਾਸਿਉਂ ਵੀ ਜਿਹੜਾ ਆਗੂ ਇਸ ਭਾਵਨਾ ਤੋਂ ਥਿੜਕਿਆ ਹੈ ਉਸਨੂੰ ਭੁੱਲ ਹੀ ਬਖਸ਼ਾਉਣੀ ਪਈ ਹੈ। ਮੋਰਚੇ ਦੀ ਅਗਵਾਈ ਸੰਘਰਸ ਕਰਨ ਵਾਲਿਆਂ ਦਾ ਜੰਗਜੂ ਅਤੇ ਸਾਂਝਾ ਸਵੈ ਕਰ ਰਿਹਾ ਹੈ। ਇਸ ਲਈ ਮੋਰਚੇ ਦੀ ਮੌਲਿਕ ਸ਼ਕਤੀ ਨਾਲ ਸੰਵਾਦ ਰਚਾਉਣਾ ਪਵੇਗਾ ਅਤੇ ਇਸਦੇ ਅਨੁਸਰਨ ਵਿਚ ਕੀਤੇ ਗਏ ਫੈਸਲੇ ਹੀ ਮਨਜੂਰ ਕੀਤੇ ਜਾਣਗੇ।

# ਸੰਘਰਸ਼ੀ ਮਾਪਿਆਂ ਦਾ ਲੋਕ ਸੇਵਕ ਪੁੱਤ : ਡਾ. ਸਵੈਮਾਨ ਸਿੰਘ

ਪਹਿਲੀ ਨਜਰੇ ਦੇਖਣ ਨੂੰ ਲੱਗਦਾ ਹੈ ਕੇ ਉਹ ਹੁਣੇ ਹੁਣੇ ਖੇਤੋਂ ਪਾਣੀ ਲਾ ਕੇ ਮੁੜਿਆ। ਅਕਸਰ ਉਸਦੇ ਸਿਰ ਤੇ ਡੱਬੀਆਂ ਵਾਲਾ ਪਰਨਾ ਬੰਨਿਆ ਹੁੰਦਾ ਹੈ। ਬੜਾ ਸਾਦਾ ਜਿਹਾ ਲਿਬਾਸ। ਤੋਰ ਤੇ ਬੋਲ ਚਾਲ 'ਚ ਕਾਹਲੀ/ਫੁਰਤੀ ਹੈ । ਇੱਕੋ ਸਮੇ ਕਈ ਕੰਮ ਕਰਦਾ ਨਜਰ ਆਉਂਦਾ। ਨਾ ਅਕਦਾ ਤੇ ਨਾ ਹੀ ਥੱਕਦਾ। ਜਿਸਦਾ ਜ਼ਿਕਰ ਹੋ ਰਿਹਾ ਉਹ ਅਸਲ ਵਿਚ ਅਮਰੀਕਾ 'ਚ ਦਿਲ ਦੀਆਂ ਬਿਮਾਰੀਆਂ ਦਾ ਮਸਹੂਰ ਡਾਕਟਰ ਹੈ। ਪਰ ਅੱਜ ਕਲ੍ਹ ਕਿਸਾਨ ਮੋਰਚੇ 'ਚ ਦਿੱਲੀ ਡਟਿਆ ਹੋਇਆ। ਫਾਈਵ ਰਿਵਰਜ ਹਰਟ ਐਸੋਸੀਏਸਨ, ਜੈਕਸਨ, ਨਿਊ ਜਰਸੀ, ਦੇ ਝੰਡੇ ਥੱਲੇ ਉਸਨੇ ਟਿਕਰੀ ਬਾਰਡਰ ਤੇ ਖਾਲਸਾ ਏਡ ਦੇ ਕੈਂਪ ਦੇ ਨਾਲ ਹੀ ਮੈਡੀਕਲ ਕੈਂਪ ਲਾਇਆ ਹੋਇਆ ਹੈ। ਸਾਇਦ ਹੀ ਕੋਈ ਡਾਕਟਰ ਤੁਸੀਂ ਏਨੇ ਚਾਅ, ਸਰਧਾ ਤੇ ਉਤਸਾਹ ਨਾਲ ਕੰਮ ਕਰਦਾ ਦੇਖਿਆ ਹੋਵੇ। ਟਿਕਰੀ ਬਾਡਰ 'ਤੇ ਨਿਸਕਾਮ ਸੇਵਾ ਨਿਭਾ ਰਿਹੈਇੱਥੇ ਪਿੰਡ ਹੀ ਵਸਾ ਲਿਐ... ਨਾਮ ਰੱਖਿਆ ਕੈਲੇਫੋਰਨੀਆਂ ਪਿੰਡ। ਮੈਡੀਕਲ ਕੈਂਪ ਦੇ ਨਾਲ ਹੀ ਕਿਤਾਬਾਂ ਦਾ ਲੰਗਰ ਵੀ ਲਾਇਆ ਹੋਇਆ। ਦਵਾਈਆਂ, ਪੁਸਤਕਾਂ ਦੀ ਫਰੀ ਸੇਵਾ ਤੋਂ ਇਲਾਵਾ ਇੱਕ ਇਮਾਰਤ ਚ 5000 ਔਰਤਾਂ ਲਈ ਰਹਿਣ ਦਾ ਪ੍ਰਬੰਧ ਕਰ ਰਿਹੈ ਹਨ..

ਉਸਦਾ ਨਾਂ ਹੈ ਡਾਕਟਰ ਸਵੈਮਾਨ ਸਿੰਘ।

70ਵਿਆਂ ਵਿੱਚ ਪੰਜਾਬ ਦੀ ਖੱਬੇਪੱਖੀ ਵਿਦਿਆਰਥੀ ਲਹਿਰ ਵਿੱਚ ਸਰਗਰਮ ਹਿੱਸਾ ਪਾਉਣ ਵਾਲੇ ਜਸਵਿੰਦਰ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਵਿਦਿਆਰਥਣ ਆਗੂ ਰਹੀ ਸੁਰਿੰਦਰ ਕੌਰ ਖਹਿਰਾ ਦੇ ਲੋਕ ਸੇਵਕ ਪੁੱਤ ਡਾ. ਸਵੈਮਾਨ ਸਿੰਘ ਵੱਲੋਂ ਕਿਸਾਨ ਮੋਰਚੇ ਵਿੱਚ ਪਾਇਆ ਜਾ ਰਿਹਾ ਯੋਗਦਾਨ ਉਸਦੇ ਮਾਪਿਆਂ ਅਤੇ ਸਾਡੇ ਸਾਰਿਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਪੇਸ਼ ਹੈ ਉਸ ਨਾਲ ਗੱਲਬਾਤ ਦੇ ਕੁੱਝ ਅੰਸ਼:






### ਡਾਕਟਰ ਮੋਰਚੇ ਚ ਸਾਮਿਲ ਹੋਣ ਦਾ ਸਬੱਬ ਕਿਵੇਂ ਬਣਿਆ ?

ਜਦੋਂ ਕਿਸਾਨਾਂ ਨੇ ਪੰਜਾਬ ਚ ਖੇਤੀ ਬਿੱਲਾਂ ਵਿਰੁੱਧ ਸੰਘਰਸ਼ ਸੁਰੂ ਕੀਤਾ ਤਾਂ ਇਸ ਦੀਆ ਖਬਰਾਂ ਅਮਰੀਕਾ ਵੀ ਪਹੁੰਚ ਦੀਆਂ ਸਨ। ਹਰ ਇਕ ਪੰਜਾਬੀ ਦੀ ਇਸ ਵਿਚ ਦਿਲਚਸਪੀ ਬਣੀ ਹੋਈ ਸੀ। ਕਿਉਂ ਕਿਸਾਨ ਸੜਕਾਂ ਤੇ ਰੇਲ ਲਾਇਨਾਂ ਤੇ ਬੈਠੇ ਨੇ ? ਲੋਕ ਜਾਨਣਾਂ ਚਾਹੁੰਦੇ ਸਨ। ਮੈਨੂੰ ਵੀ ਇਸ ਚ ਦਿਲਚਸਪੀ ਹੋ ਗਈ। ਹੌਲੀ ਹੌਲੀ ਸੰਘਰਸ਼ ਤੇਜ ਹੋ ਗਿਆ। ਕਿਸਾਨ ਕਾਫਲੇ ਬਣਾ ਕੇ ਦਿੱਲੀ ਨੂੰ ਚਲ ਪਏ। ਮੇਰੀ ਉਤਸਕਤਾ ਹੋਰ ਵੱਧ ਗਈ। ਮੈਂ ਸੋਚਿਆ ਕੇ ਸਾਰਾ ਕੁਝ ਨੇੜੇ ਜਾ ਕੇ ਦੇਖਿਆ ਜਾਵੇ। ਤੇ ਮੈਂ ਅਮਰੀਕਾ ਤੋਂ ਫਲਾਈਟ ਫੜੀ ਤੇ ਦਿੱਲੀ ਪਹੁੰਚ ਗਿਆ।

### ਫਿਰ ਵੀ ਕੋਈ ਨਾ ਕੋਈ ਅਜੇਹੀ ਖਿੱਚ ਹੋਣੀ ਜੋ ਤੁਹਾਨੂੰ ਮੋਰਚੇ ਚ ਖਿੱਚ ਲਿਆਈ। ਕੁੱਝ ਦੱਸੋਂਗੇ।

-ਹਾਂ ਬਿਲਕੁਲ। ਮੈਂ ਕਿਸਾਨੀ ਪਰਿਵਾਰ ਚ ਹਾਂ। ਸਾਡਾ ਪਿੰਡ ਤਰਨਤਾਰਨ ਦੇ ਨੇੜ੍ਹੇ ਪੱਖੋ ਕੇ ਹੈ। ਮੇਰੇ ਮਾਤਾ ਪਿਤਾ ਕਈ ਸਾਲ ਪਹਿਲਾਂ ਅਮਰੀਕਾ ਚਲੇ ਗਏ ਸਨ। ਪਰ ਅਮਰੀਕਾ ਜਾਣ ਤੋਂ ਪਹਿਲਾਂ ਉਹ ਪੰਜਾਬ ਵਿੱਚ ਸਿਆਸੀ ਤੌਰ ਤੇ ਸਰਗਰਮ ਸਨ। ਸਾਡੇ ਪਰਿਵਾਰ ਦਾ ਸਿਆਸੀ ਤੌਰ ਤੇ ਤਰਨ ਤਾਰਨ ਤੇ ਅੰਮ੍ਰਿਤਸਰ ਇਲਾਕੇ ਚ ਕਾਫੀ ਅੱਛਾ ਨਾਂ ਹੈ। ਮੇਰੇ ਪਿਤਾ ਜੀ ਸਰਦਾਰ ਜਸਵਿੰਦਰ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹੇ ਨੇਂ। ਆਪਣੇ ਸਮੇਂ 'ਚ ਉਹ ਵਿਦਿਆਰਥੀ ਆਗੂ ਦੇ ਤੌਰ ਤੇ ਬੜੇ ਸਰਗਰਮ ਰਹੇ।

ਮੇਰੇ ਮਾਤਾ ਪਿਤਾ ਨੇ ਵੀ ਮੈਨੂੰ ਇਥੇ ਆਉਣ ਲਈ ਮਨ੍ਹਾਂ ਨਹੀਂ ਕੀਤਾ। ਸਗੋਂ ਉਹਨਾਂ ਹੱਲਾਸੇਰੀ ਦਿੱਤੀ। ਉਹਨਾਂ ਦੀ ਅਸੀਸ ਨੇ ਮੇਰਾ ਉਤਸਾਹ ਹੋਰ ਵੀ ਵਧਾ ਦਿੱਤਾ। ਸਹੀਦ ਭਗਤ ਸਿੰਘ ਮੇਰਾ ਆਦਰਸ ਹੈ। ਉਸਦੀ ਕੁਰਬਾਨੀ ਮੇਰੇ ਲਈ ਵੱਡੀ ਪ੍ਰੇਰਨਾ ਹੈ।

### ਮੈਡੀਕਲ ਕੈਂਪ ਲਾਉਣ ਦਾ ਵਿਚਾਰ ਕਿਵੇਂ ਬਣਿਆ ?

ਕਿਸਾਨ ਮੋਰਚੇ ਵਿੱਚ ਹਰ ਕੋਈ ਆਪਣੇ ਵਿਤ ਅਤੇ ਯੋਗਤਾ ਅਨੁਸਾਰ ਯੋਗਦਾਨ ਪਾ ਰਿਹਾ ਹੈ। ਡਾਕਟਰੀ ਮੇਰਾ ਕਿੱਤਾ ਹੈ। ਮੈਂ ਆਪਣੇ ਦੋਸਤਾਂ ਨਾਲ ਸਲਾਹ ਕਰਕੇ ਇਥੇ ਮੋਰਚੇ 'ਚ ਕਿਸਾਨਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਕੈਂਪ ਲਾ ਲਿਆ। ਮੈਡੀਕਲ ਸਹਾਇਤਾ ਤੋਂ ਇਲਾਵਾ ਮੈਂ ਕਿਤਾਬਾਂ ਦਾ ਲੰਗਰ ਵੀ ਲਗਾਇਆ ਹੋਇਆ। ਕੁਝ ਛੋਟੀ ਮੋਟੀ ਹੋਰ ਮਦਦ ਵੀ ਮੈਂ ਆਪਣੀ ਸਮਰੱਥਾ ਤੇ ਦੋਸਤਾਂ ਦੀ ਮੱਦਦ ਨਾਲ ਕਰੀਂ ਜਾਨਾਂ।

### ਹੋਰ ਕਿਸ ਤਰ੍ਹਾਂ ਦੀ ਮੱਦਦ ਕਰ ਰਹੇ ਹੋ ?

ਅਸੀਂ ਸਫਾਈ ਦਾ ਪ੍ਰਬੰਧ ਵੀ ਕੀਤਾ। ਇਹ ਵੀ ਉਨ੍ਹਾਂ ਹੀ ਜਰੂਰੀ ਹੈ ਜਿੰਨੀ ਮੈਡੀਕਲ ਸਹਾਇਤਾ।30 ਦੇ ਕਰੀਬ ਸਫਾਈ ਕਰਮਚਾਰੀ ਰੱਖੇ ਨੇ। ਉਹ ਸਫਾਈ ਕਰਦੇ ਨੇ। ਟੋਇਲੇਟਾਂ ਦਾ ਇੰਤਜਾਮ ਕੀਤਾ। ਰੈਣ ਬਸੇਰਾ ਬਣਾ ਕੇ ਦਿੱਤਾ ਹੈ। ਸਾਫ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਹੈ। ਕੈਲੀਫੋਰਨੀਆ ਨਾਂ ਦਾ ਪਿੰਡ ਵਸਾ ਦਿੱਤਾ ਹੈ ਇਥੇ।

### ਕਿਸ ਤਰ੍ਹਾਂ ਦੇ ਮਰੀਜ ਆਉਂਦੇ ਨੇ ?

ਜਿਆਦਾ ਨਜਲਾ , ਜੁਕਾਮ ਤੇ ਖੰਘ ਦੇ ਮਰੀਜ ਆਉਂਦੇ ਨੇ। ਮਾਨਸਿਕ ਦਬਾਅ ਤੋਂ ਪੀੜਤ ਕਾਫੀ ਮਰੀਜ ਆਉਂਦੇ ਨੇ। ਇਸਤੋਂ ਇਲਾਵਾ ਬਲੱਡ ਪ੍ਰੈੱਸਰ ਤੇ ਸੂਗਰ ਦੇ ਵੀ ਕਾਫੀ ਮਰੀਜ ਆਉਂਦੇ। ਬਹੁਤੇ ਲੋਕ, ਜੋ ਪਹਿਲਾਂ ਦਿਵਾਈਆਂ ਲੈਂਦੇ ਸੀ , ਉਹ ਦਿਵਾਈਆਂ ਨਾਲ ਨੀ ਲੈਕੇ ਆਏ। ਇਸ ਕਰਕੇ ਉਹਨਾਂ ਨੂੰ ਤਕਲੀਫ ਵੱਧ ਗਈ। ਲੱਗਭਗ ਹਰ ਰੋਜ 6000 ਮਰੀਜ ਸਾਡੇ ਕੈਂਪ ਚ ਆ ਜਾਂਦਾ ਹੈ। ਮੋਰਚੇ ਚ ਆਉਣ ਤੋਂ ਪਹਿਲਾਂ ਜੋ ਦਿਵਾਈ ਕੋਈ ਲੈਂਦਾ ਸੀ ਉਹ ਨਾਲ ਜਰੂਰ ਲੈਕੇ ਆਉਣੀ ਚਾਹੀਂਦੀ ਹੈ। ਦੂਸਰਾ ਖਾਣ ਪੀਣ ਦਾ ਖਿਆਲ ਵੀ ਰੱਖਣਾ ਚਾਹੀਂਦਾ ਹੈ। ਤਲੀਆਂ ਚੀਜਾਂ ਖਾਣ ਤੋਂ ਗੁਰੇਜ ਕਰਨਾ ਚਾਹੀਂਦਾ ਹੈ।

### ਇੰਨੇ ਮਰੀਜਾਂ ਨੂੰ ਦੇਖਣ ਚ ਮੁਸਕਲ ਹੁੰਦੀ ਹੋਊ ?

ਹੁੰਦੀ ਹੈ। ਬੜੀ ਭਾਰੀ। ਪਰ ਕਈ ਵਾਰ ਤਾਂ ਪੰਜਾਬ ਦੇ ਮੈਡੀਕਲ ਕਾਲਿਜਾਂ ਚ ਡਾਕਟਰੀ ਕਰਦੇ ਵਿਦਿਆਰਥੀ ਆ ਜਾਂਦੇ ਨੇ। ਉਹ ਕਾਫੀ ਮਦਦ ਕਰ ਦਿੰਦੇ ਨੇਂ। ਅਕਸਰ ਮਰੀਜਾਂ ਦੀ ਗਿਣਤੀ ਦੇ ਹਿਸਾਬ ਨਾਲ ਡਾਕਟਰਾਂ ਦੀ ਤੇ ਪੈਰਾ ਮੈਡੀਕਲ ਸਟਾਫ ਦੀ ਕਮੀ ਰਹਿੰਦੀ ਹੈ। ਵਲੰਟੀਅਰ ਵੀ ਬੜੇ ਘੱਟ ਮਿਲਦੇ ਨੇਂ। ਜੇਕਰ ਵਲੰਟੀਅਰ ਪੂਰੇ ਮਿਲ ਜਾਣ ਤਾਂ ਕਮ ਆਸਾਨ ਹੋ ਸਕਦਾ। ਪਰ ਜੋ ਮਰੀਜ ਕੈਂਪ ਚ ਆ ਜਾਂਦਾ ਹੈ ਉਸਨੂੰ ਹਰ ਹਾਲਤ ਚ ਦੇਖਿਆ ਜਾਂਦਾ ਤੇ ਦਵਾਈ ਦਿਤੀ ਜਾਂਦੀ ਹੈ। ਨਿਰਾਸ ਕਿਸੇ ਨੂੰ ਨਹੀਂ ਮੁੜਨ ਦਿੱਤਾ ਜਾਂਦਾ।

### ਦਵਾਈਆਂ ਕਿਥੋਂ ਆਉਂਦੀਆਂ ਨੇ ?

ਦਵਾਈਆਂ ਲੋਕ ਕਾਫੀ ਦੇ ਜਾਂਦੇ ਨੇ। ਜਰੂਰਤ ਪੂਰੀ ਹੋ ਜਾਂਦੀ ਹੈ। ਲੋਕ ਪੰਜਾਬ ਤੋਂ , ਦਿੱਲੀ ਤੋਂ ਕਾਫੀ ਦਵਾਈਆਂ ਦਾਨ ਕਰ ਜਾਂਦੇ ਨੇ। ਮੁਸਕਲ ਵਲੰਟੀਅਰਾਂ ਦੀ ਹੈ, ਦਵਾਈਆਂ ਦੀ ਨਹੀਂ।

### ਅਮਰੀਕਾ 'ਚ ਡਾਕਟਰੀ ਦੀ ਪੜ੍ਹਾਈ ਕਿਥੋਂ ਕੀਤੀ ?

ਮੈਂ ਇੰਟਰਨਲ ਮੈਡੀਸਿਨ ਚ ਰੈਸੀਡੈਂਸੀ ਡਰੈਕਸੇਲ ਯੂਨੀਵਰਸਿਟੀ ਕਾਲਜ ਆਫ ਮੈਡੀਸਿਨ, ਫਿਲਡੀਫੀਆ ਤੋਂ ਕੀਤੀ ਹੈ। ਕਾਰਡੀਓਲੋਜੀ ਚ ਫੈਲੋਸ਼ਿਪ ਨੇਵਾਰਕ ਬੇਥ ਇਸਰਾਇਲ ਮੈਡੀਕਲ 'ਚ ਛਪ ਚੁੱਕੇ ਨੇ। ਮੈਂ ਹਮੇਸਾ ਅਮਰੀਕਾ ਚ ਡਾਕਟਰੀ ਨਾਲ ਸੰਬੰਧਿਤ ਇਮਤਿਹਾਨਾਂ ਚ ਉਪਰਲੇ 1 ਪ੍ਰਤੀਸਤ ਵਿਦਿਆਰਥੀਆਂ 'ਚ ਰਿਹਾਂ ਹਾਂ। ਮੈਂ ਸੁਮਾ-ਕਮ-ਲਾਉਡੇ ੍ਰਮਮਅ ਛੁਮ ਅੁਦਏ ) ਹਾਂ ਜਿਸਦਾ ਮਤਲੱਬ ਕਿ ਮੈਂ ਡਾਕਟਰੀ ਦੀ ਡਿਗਰੀ ਚ ਬਹੁਤ ਵੱਡੀ ਪ੍ਰਬੀਨਤਾ ਹਾਸਿਲ ਕੀਤੀ ਹੈ ਜਿਸਨੂੰ ਅੰਗ੍ਰੇਜੀ ਚ ਡਿਸਟਿੰਕਸ਼ਨ ਨਾਲ ਪਾਸ ਕਰਨਾ ਕਿਹਾ ਜਾਂਦਾ ਹੈ।

### ਕਿੰਨੀ ਦੇਰ ਲਈ ਮੋਰਚੇ ਚ ਰਹੋਂਗੇ ?

ਮੈਨੂੰ ਇਥੇ ਲੋਕਾਂ ਦੀ ਸੇਵਾ ਕਰਨਾ ਚੰਗਾ ਲੱਗਦਾ ਹੈ। ਇਹ ਮੇਰੇ ਆਪਣੇ ਹੀ ਲੋਗ ਹਨ। ਮੈਂ ਇਥੇ ਉਨ੍ਹਾਂ ਚਿਰ ਰਹਾਂਗਾ, ਜਿੰਨਾ ਚਿਰ ਕਿਸਾਨ ਇਥੇ ਬੈਠੇ ਨੇ। ਇਹ ਮੇਰੀ ਮਿਟੀ ਦੇ ਲੋਕ ਹਨ। ਜੇ ਅਜੇ ਇਨ੍ਹਾਂ ਨੂੰ ਮੱਦਦ ਦੀ ਲੋੜ ਹੈ ਤਾਂ ਮੇਰਾ ਫਰਜ ਬਣਦਾ ਹੈ ਕਿ ਮੈਂ ਆਪਣੀ ਯੋਗਤਾ ਮੁਤਾਬਿਕ ਇਨ੍ਹਾਂ ਦੀ ਮਦਦ ਕਰਾਂ। ਮੈਂ ਹੁਣ ਫੈਸਲਾ ਕਰ ਲਿਆ ਹੈ ਕਿ ਜਿੰਨੀ ਦੇਰ ਕਿਸਾਨ ਇਥੇ ਬੈਠਣਗੇ, ਮੈਂ ਵੀ ਇਥੇ ਹੀ ਰਹਾਂਗਾ। ਮੈਨੂੰ ਕਿਸੇ ਤੋਂ ਮਾਲੀ ਮਦਦ ਦੀ ਜ਼ਰੂਰਤ ਨਹੀਂ ਹੈ। ਅਮਰੀਕਾ ਚ ਇਕ ਡਾਕਟਰ ਨੂੰ ਅੱਛੀ ਤਨਖ਼ਾਹ ਮਿਲਦੀ ਹੈ। ਜਦੋਂ ਮੋਰਚਾ ਖਤਮ ਹੋਵੇਗਾ ਤਾਂ ਅਸੀਂ ਸਾਰੇ ਉਸ ਥਾਂ ਦੀ ਵਧੀਆ ਸਫ਼ਾਈ ਕਰਕੇ ਜਾਵਾਂਗੇ ਜਿਥੇ ਹੁਣ ਕਿਸਾਨ ਬੈਠੇ ਹਨ।




ਅਕਸਰ ਵੇਖਣ ਵਿੱਚ ਆਇਆ ਹੈ ਕਿ ਕਈ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਇਹ ਫੋਟੋਆਂ ਅੰਗਰੇਜ ਹਕੂਮਤ ਵੇਲੇ ਸੰਨ 1938 ਵਿੱਚ ਅੰਮ੍ਰਿਤਸਰ ਵਿੱਚ ਲਾਏ ਕਿਸਾਨ ਮੋਰਚੇ ਦੀਆਂ ਹਨ ਜਦੋਂ ਹੁਣ ਦੇ ਕਿਸਾਨ ਮੋਰਚੇ ਦੀ ਤਰ੍ਹਾਂ ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਲਈ ਅਸੜਕਾਂ ਉੱਤੇ ਨਿੱਤਰਣ ਲਈ ਮਜਬੂਰ ਹੋਏ ਸਨ। ਇਹ ਫੋਟੋਆਂ ਅੰਗਰੇਜ ਫੋਟੋਗਰਾਫ਼ਰ ਸ੍ਰੀਮਤੀ ਬਰੁਕ ਵਾਈਟ ਨੇ ਆਪਣੇ ਕੈਮਰੇ ਨਾਲ ਖਿੱਚੀਆਂ।

# ਕਿਤਾਬਾਂ ਵੰਡਣ ਤੋਂ ਲਾਇਬਰੇਰੀ ਬਣਾਉਣ ਤੱਕ ਦਾ ਸਫ਼ਰ: ਸ਼ਾਹ ਮੁਹੰਮਦ

## ਇਨਸਾਨੀਅਤ ਲਈ ਲੜਾਈ ਜਿੱਤਣ ਵਿੱਚ ਯਥਾਯੋਗ ਹਿੱਸਾ ਪਾਉਣ ਦਾ ਸ਼ੁਭ ਕਾਰਜ

## ਹਰਿਆਣਵੀ ਭਰਾਵਾਂ ਨੂੰ ਪੰਜਾਬੀ ਸਿਖਾਉਣ ਲਈ ਦੋ ਅਧਿਆਪਕਾਂ ਦਾ ਇੰਤਜਾਮ








ਸਿੰਘੂ ਬਾਡਰ: "ਜਦੋਂ ਕਿ ਸਾਡੇ ਕੋਲ ਬਾਬਾ ਨਾਨਕ ਹੈ, ਬਾਬਾ ਮਰਦਾਨਾ ਹੈ, ਬੇਬੇ ਨਾਨਕੀ ਹੈ, ਮਾਤਾ ਗੁਜਰੀ ਹੈ, ਬਾਬਾ ਫਰੀਦ ਹੈ, ਭਾਈ ਘਨ੍ਹਈਆ ਹੈ, ਹਰੀ ਸਿੰਘ ਨਲੂਆ ਹੈ, ਬੰਦਾ ਸਿੰਘ ਬਹਾਦਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਹੈ। ਬੁੱਲੇ ਸ਼ਾਹ ਹੈ, ਵਾਰਿਸ ਸ਼ਾਹ, ਸ਼ਾਹ ਮੁਹੰਮਦ ਹੈ। ਸ਼ਾਹ ਹੁਸੈਨ ਹੈ, ਸੁਲਤਾਨ ਬਾਹੂ ਹੈ। ਹੀਰ ਰਾਂਝਾ ਹੈ, ਮਿਰਜਾ ਸਾਹਿਬਾ ਹੈ, ਸੱਸੀ ਪੁੰਨੂੰ, ਸੋਹਣੀ ਮਾਹੀਵਾਲ ਹੈ। ਚਾਰ ਸਾਹਿਬਜ਼ਾਦੇ ਨੇ, ਚਾਲੀ ਮੁਕਤੇ ਨੇ, 21 ਸਿੰਘ ਨੇ ਸਾਰਾਗੜ੍ਹੀ ਵਾਲੇ, ਭਾਈ ਗਰਜਾ ਸਿੰਘ, ਬੋਤਾ ਸਿੰਘ ਨੇ। ਭਗਤ ਸਿੰਘ ਹੈ, ਕਰਤਾਰ ਸਿੰਘ ਹੈ, ਅਸੀਂ ਕੋਈ ਵੀ ਲੜਾਈ, ਜੋ ਜ਼ੁਲਮ ਦੇ ਖਿਲਾਫ਼ ਹੈ, ਹਾਰ ਹੀ ਨਹੀਂ ਸਕਦੇ।" ਇਹ ਵਿਚਾਰ ਅਤੇ ਅਨੁਭਵ ਨੇ ਸਿੰਘੂ ਕਿਸਾਨ ਮੋਰਚੇ ਵਿੱਚ ਕਿਤਾਬਾਂ ਨਾਲ ਸਾਂਝ ਪਵਾ ਰਹੇ ਪੰਜਾਬ ਤੋਂ ਇੱਥੇ ਪੱਕਾ ਡੇਰਾ ਲਾਈ ਬੈਠੇ ਸ਼ਾਹ ਮੁਹੰਮਦ ਦੇ ।

ਬਠਿੰਡਾ ਜਿਲ੍ਹੇ ਦੇ ਚੱਕ ਅਤਰ ਸਿੰਘ ਵਾਲਾ ਪਿੰਡ ਦੇ ਜੰਮਪਲ ਇਸ ਨੌਜਵਾਨ ਦਾ ਕਿਤਾਬਾਂ ਪੜ੍ਹਣ ਅਤੇ ਹੋਰਨਾਂ ਨੂੰ ਕਿਤਾਬਾਂ ਸੰਗ

ਜੋੜਣ ਦਾ ਸ਼ੌਕ ਨਵਾਂ ਨਹੀਂ। ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕਾਲਜ ਘੁੱਦਾ ਜਿਲ੍ਹਾ ਬਠਿੰਡਾ ਵਿੱਚ ਪੜ੍ਹਦਿਆਂ ਹੀ ਸ਼ਾਹ ਮੁਹੰਮਦ ਦਾ ਸਾਹਿਤ ਨਾਲ ਗੂੜ੍ਹਾ ਰਿਸ਼ਤਾ ਬਣ ਗਿਆ। ਉੱਥੋਂ ਗਰੈਜੁਏਸ਼ਨ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਵਿਖੇ ਐਮ. ਏ. ਪੰਜਾਬੀ ਵਿੱਚ ਦਾਖ਼ਲਾ ਲਿਆ। ਦਿਨ ਵੇਲੇ ਕਲਾਸਾਂ ਤੋਂ ਬਾਅਦ ਵਿਹਲੇ ਸਮੇਂ ਵਿੱਚ ਯੂਨੀਵਰਸਿਟੀ ਕੈਂਪਸ ਦੇ ਸਾਹਮਣੇ ਕਿਤਾਬਾਂ ਦੀ ਦੁਕਾਨ ਉੱਤੇ ਕੰਮ ਕਰਨਾ ਸ਼ੁਰੂ ਕੀਤਾ। ਇਸ ਦੌਰਾਨ ਹੋਇਆ ਸਾਹਿਤਕ ਮੇਲਿਆਂ ਉੱਤੇ ਕਿਤਾਬਾਂ ਦੀਆਂ ਨੁਮਾਇਸ਼ਾਂ ਲਾਉਣ ਦਾ ਸਿਲਸਿਲਾ।

**ਪੇਸ਼ਕਸ਼ : ਨੈਨੀ ਸਿੰਘ**

ਸ਼ੰਭੂ ਮੋਰਚਾ ਤੋਂ ਕਿਸਾਨ ਮੋਰਚੇ ਤੋਂ ਸਰਗਰਮ ਸ਼ਮੂਲੀਅਤ ਅਤੇ ਕਿਤਾਬਾਂ ਵਾਲੀ ਮੁਹਿੰਮ ਦੀ ਸ਼ੁਰੂਆਤ ਬਾਰੇ ਸ਼ਾਹ ਮੁਹੰਮਦ ਦਸਦਾ ਹੈ ਕਿ ਅਸੀਂ ਪਹਿਲੇ ਦਿਨ 5 ਦਸੰਬਰ ਨੂੰ ਦਿੱਲੀ ਸਿੰਘੂ ਮੋਰਚੇ ਉੱਤੇ ਕਿਤਾਬਾਂ ਦਾ ਲੰਗਰ ਲਗਾਇਆ ਸੀ, ਉਸ ਸਮੇਂ ਅਸੀਂ 2000 ਦੇ ਕਰੀਬ ਕਿਤਾਬਾਂ ਲੰਗਰ ਵਿਚ ਲੈ ਕੇ ਆਏ ਸਾਂ ਅਤੇ ਮੁਫ਼ਤ ਹੀ ਦਿੱਤੀਆਂ। ਪਹਿਲੇ ਦਿਨ ਅਸੀਂ ਸਾਹਿਤ, ਸੱਭਿਆਚਾਰ, ਸਿੱਖ ਇਤਿਹਾਸ ਅਤੇ ਪੰਜਾਬ ਦੇ ਲੋਕ ਨਾਇਕ, ਸ਼ਹੀਦਾਂ ਦੀਆਂ ਜੀਵਨੀਆਂ ਦੀਆਂ ਕਿਤਾਬਾਂ ਲੈ ਕੇ ਆਏ ਸਾਂ। ਪਹਿਲੇ ਦਿਨ ਕਿਸਾਨ ਮੋਰਚੇ, ਸਿੰਘੂ ਬਾਰਡਰ ਵਿਖੇ ਹੀ ਕਿਤਾਬਾਂ ਵੰਡੀਆਂ ਸਨ। ਮੁਫਤ ਵਿਚ ਕਿਤਾਬਾਂ ਦੇਣ ਦਾ ਤਜਰਬਾ ਠੀਕ ਨਹੀਂ ਰਿਹਾ ਕਿਉਂਕਿ ਤਿੰਨ ਘੰਟਿਆਂ ਵਿਚ ਹੀ ਕਿਤਾਬਾਂ ਵਰਤ ਗਈਆਂ ਸਨ ਅਤੇ ਮਹਿਸੂਸ ਕੀਤਾ ਕਿ ਕਿਤਾਬਾਂ ਸਹੀ ਹੱਥਾਂ ਵਿਚ ਵੀ ਨਹੀਂ ਗਈਆਂ ਜਾਂ ਕਹਿ ਸਕਦੇ ਹਾਂ ਕਿ ਪਾਠਕਾਂ ਤੱਕ ਨਹੀਂ ਪਹੁੰਚ ਸਕਦੀਆਂ।

ਇਸ ਸ਼ੁਭ ਕੰਮ ਲਈ ਮਿਲੇ ਸਹਿਯੋਗ ਦਾ ਜ਼ਿਕਰ ਕਰਦਿਆਂ ਉਨੇ ਕਿਹਾ ਕਿ ਉਸੇ ਦਿਨ ਹੀ ਸਾਡੀ ਮੁਲਾਕਾਤ ਵੱਡੇ ਵੀਰ ਘੁੰਮਣ, ਸ਼ਰਨ ਅਤੇ ਚਾਚਾ ਬਲਦੇਵ ਨਾਲ ਹੋਈ। ਇਸ ਮੁਲਾਕਾਤ ਤੋਂ ਬਾਅਦ ਬਾਬਾ ਨਾਨਕ ਦੇਵ ਜੀ ਦੇ ਉਹ ਕਥਨ ਯਾਦ ਆਏ 'ਕਰਾਮਾਤ ਨਾਲੋਂ ਮੁਲਾਕਾਤ ਵੱਡੀ ਹੁੰਦੀ ਹੈ।' ਜਦ ਵੀਰੇ ਹੋਰੀਂ ਮਿਲੇ ਤਾਂ ਇਕ ਕਾਫ਼ਲਾ ਬਣਿਆ ਪ੍ਰਤੀਤ ਹੋਇਆ। ਇਨ੍ਹਾਂ ਨਾਲ ਮਿਲ ਕੇ ਇਕ ਵਿਉਂਤ ਬਣਾਈ, ਕਿਤਾਬਾਂ ਦੀ ਲਿਸਟ ਬਣਾਈ ਅਤੇ ਐੱਚ.ਪੀ. ਪੈਟਰੋਲ ਪੰਪ ਦੇ ਸਾਹਮਣੇ 'ਕਿਤਾਬ ਘਰ ਲਾਇਬ੍ਰੇਰੀ' ਸਥਾਪਤ ਕਰ ਦਿੱਤੀ। ਜਿੱਥੇ ਹੁਣ ਤੱਕ ਕਿਸਾਨ ਬੈਠ ਕੇ ਪੜ੍ਹਦੇ ਵੀ ਹਨ ਅਤੇ ਵਿਚਾਰ ਵਟਾਂਦਰਾ ਵੀ ਕਰਦੇ ਹਨ। ਅਸੀਂ ਕਿਤਾਬਾਂ ਦੀ ਲਿਸਟ ਵਿਚ 'ਤੂਫ਼ਾਨਾਂ ਦਾ ਸ਼ਾਹਸਵਾਰ ਕਰਤਾਰ ਸਿੰਘ ਸਰਾਭਾ', 'ਸ਼ਹੀਦ ਜਸਵੰਤ ਸਿੰਘ ਖਾਲੜਾ', 'ਗਦਰੀ ਬਾਬੇ ਕੌਣ ਸਨ', 'ਸਿੱਖ ਰਾਜ ਕਿਵੇਂ ਬਣਿਆ', 'ਚਾਰ ਸਾਹਿਬਜ਼ਾਦੇ', 'ਹਰੀ ਸਿੰਘ ਨਲੂਆ', 'ਮਹਾਨ ਸਿੱਖ ਬੀਬੀਆਂ', 'ਬੋਲ ਮਰਦਾਨਿਆ', 'ਅੰਨਦਾਤਾ', 'ਕੋਠੇ ਖੜਕ ਸਿੰਘ' ਅਤੇ ਹੋਰ ਖ਼ੂਬਸੂਰਤ ਕਿਤਾਬਾਂ ਵੀ ਰੱਖੀਆਂ । ਲਾਇਬਰੇਰੀ ਮੈਂਬਰ ਬਨਣ ਲਈ 50 ਕੁ ਰੁਪਏ ਸਕਿਓਰਿਟੀ ਫੀਸ ਰੱਖੀ, ਇਸਦਾ ਮੰਤਵ ਹੈ ਕਿ ਕਿਤਾਬ ਸਹੀ ਪਾਠਕ ਤੱਕ ਪਹੁੰਚੇ।

ਆਪਣੇ ਮਿਸ਼ਨ ਨੂੰ ਮਿਲ ਰਹੇ ਹੁੰਗਾਰੇ ਤੋਂ ਸ਼ੰਤੁਸ਼ਟ ਸ਼ਾਹ ਮੁਹੰਮਦ ਦਾ ਕਹਿਣਾ ਹੈ ਕਿ ਜਦੋਂ ਕੋਈ ਕਿਤਾਬ ਲੈਣ ਆਉਂਦਾ ਹੈ ਤਾਂ ਅਸੀਂ ਸਿੱਖ ਇਤਿਹਾਸ ਦੇ ਨਾਲੋ-ਨਾਲ ਕੇਂਦਰ ਵਿਚਲੀ ਮੋਦੀ ਸਰਕਾਰ ਦੇ ਖੇਤੀ ਵਿਰੋਧੀ ਤਿੰਨੋਂ ਬਿੱਲਾਂ ਬਾਰੇ ਕੁਝ ਸਵਾਲ ਪੁੱਛਦੇ ਹਾਂ ਅਤੇ ਕਿਤਾਬ ਦਿੰਦੇ ਹਾਂ। ਹੁਣ ਤੱਕ ਸਾਨੂੰ ਕਿਤਾਬ ਘਰ ਚਲਾਉਂਦੇ ਸਵਾ ਮਹੀਨਾ ਹੋ ਗਿਆ ਹੈ। ਹੁਣ ਅਸੀਂ ਕਿਤਾਬ ਘਰ ਵਿਚ ਰਾਤ 8:00 ਵਜੇ ਤੱਕ ਹਰ ਰੋਜ਼ ਕਹਾਣੀਆਂ ਸੁਣਾਉਂਦੇ ਹਾਂ। ਧਰਨੇ ਵਿਚ ਆਏ ਹਰਿਆਣਵੀ ਭਰਾ ਸਾਨੂੰ ਪੰਜਾਬੀ ਸਿਖਾਉਣ ਲਈ ਬੇਨਤੀ ਕਰਦੇ ਹਨ। ਉਨ੍ਹਾਂ ਲਈ ਅਸੀਂ ਪੰਜਾਬੀ ਸਿਖਾਉਣ ਲਈ ਦੋ ਅਧਿਆਪਕਾਂ ਦਾ ਇੰਤਜਾਮ ਵੀ ਕਰ ਦਿੱਤਾ ਹੈ। ਹੁਣ ਮਸਲਾ ਸਿਰਫ਼ ਬਿੱਲਾਂ ਦਾ ਨਹੀਂ ਰਿਹਾ, ਚੇਤਨਾ ਦਾ ਵੀ ਹੈ। ਅਸੀਂ ਸਾਰੇ ਰਲ ਕੇ ਇਨਸਾਨੀਅਤ ਲਈ ਲੜਾਈ ਜ਼ਰੂਰ ਜਿੱਤਾਂਗੇ ਅਤੇ ਜਿੱਤ ਵੱਲ ਸਾਬਤਕਦਮੀ ਨਾਲ ਵਧ ਰਹੇ ਹਾਂ।

# ਪ੍ਰਦੇਸੀ ਰਹਿੰਦਿਆਂ ਨੂੰ ਪੰਜਾਬ ਹੁੱਝਾਂ ਮਾਰ ਮਾਰ ਜਗਾਉਂਦਾ...

**ਕੁਲਵੰਤ ਕੌਰ**

ਅਮਰੀਕਾ, ਕੈਨੇਡਾ ਆ ਕੇ ਕੋਈ ਵੀ ਸਬਜ਼ੀ , ਫ਼ਲ ਮੈਨੂੰ ਚੰਗਾ ਨਹੀਂ ਸੀ ਲਗਦਾ .. ਫੋਕੜਾ ਜਿਹਾ ਲੱਗਣਾ .. ਪੰਜਾਬ ਦੀ ਮਿੱਟੀ ਵਿਚ ਮਿਠਾਸ ਹੈ ਵੱਖਰਾ ਸਵਾਦ ਹੈ ...ਕੱਲ੍ਹ ਮੈਂ ਖਾਣ ਪੀਣ ਦਾ ਸਾਮਾਨ ਲੈਣ ਸਟੋਰ ਗਈ ਉੱਥੇ ਬਾਥੂ , ਚਿੱਬੜ , ਛੱਲੀਆਂ , ਚਲਾਈ ਦੇਖ ਕੇ ਨਿੱਕੇ ਹੁੰਦਿਆਂ ਵਾਲਾ ਪੰਜਾਬ ਚੇਤੇ ਆ ਗਿਆ ..

ਹਰੀ ਕ੍ਰਾਂਤੀ ਤੋਂ ਪਹਿਲਾਂ ਵਾਲਾ ਪੰਜਾਬ .. ਆਰਗੈਨਿਕ , ਰੂੜੀ ਦੀ ਖਾਦ ਵਾਲਾ ਪੰਜਾਬ ..

ਜਦ ਵੀ ਖੇਤ ਜਾਂਦੇ ਅੱਧਾ ਦਿਨ ਖਾਣ ਵਿੱਚ ਹੀ ਕੱਢ ਦਿੰਦੇ . ਮੈਂ ਸਭ ਤੋਂ ਪਹਿਲਾਂ ਮਲ੍ਹਿਆਂ ਦੇ ਬੇਰ ਤੋੜਨੇ .. ਝੋਲਾ ਭਰ ਲੈਣਾ .. ਸਹੇਲੀਆਂ ਲਈ . ਫਿਰ ਗੰਨੇ ਪੁੱਟਣੇ , ਇੱਕ ਕੱਛ ਵਿੱਚ ਦੂਜਾ ਚੂਪਣ ਲਈ ਹੱਥ ਵਿਚ . ਫਿਰ ਕਪਾਹ ਵਿਚ ਵੜਨਾ , ਕਪਾਹ ਚੁਗਣੀ , ਬਾਹਲੇ ਚਿੱਬੜ ਹੁੰਦੇ ਸੀ ਕਪਾਹ ਵਿਚ .. ਕੋਈ ਸਪਰੇ ਤਾਂ ਕਰਦੇ ਨਹੀਂ ਸੀ .. ਕਪਾਹ ' ਚੋਂ ਨਿਕਲ ਮੱਕੀ ਵਿਚ ਵੜ ਜਾਣਾ .. ਛੱਲੀਆਂ ਤੋੜ ਕੇ ਚੁੱਲ੍ਹੇ ਵਿੱਚ ਭੁੱਬਲ ਵਿਚ ਭੁੰਨ ਕੇ ਸਵਾਹ ਨਾਲ ਲਿਬੜੀਆਂ ਹੀ ਖਾ ਜਾਣੀਆਂ .. ਫ਼ਿਰ ਕਪਾਹ ਚੁਗਾਵੀਆਂ ਨਾਲ ਬੈਠ ਗੁੜ ਦੀ ਚਾਹ ਪੀਣੀ . ਨਾਲ ਹੀ ਚਿੱਬੜਾਂ ਦੀ ਚਟਨੀ ਨਾਲ ਮੱਕੀ ਜਾਂ ਬਾਜਰੇ ਦੀ ਰੋਟੀ ਠੰਡੀ ਹੀ ਖਾਣੀ . ਭਾਈ ਲਾਲੋ ਦੀ ਰੋਟੀ ਬਾਰੇ ਉਦੋਂ ਗਿਆਨ ਨਹੀਂ ਸੀ ਹੁਣ ਪਤਾ ਲਗਦਾ ਕਿ ਓਹੀ ਰੋਟੀ ਸੀ ਜਿਸ ਵਿਚ ਦੁੱਧ ਰੂਪੀ ਅੰਮ੍ਰਿਤ ਭਾਵ ਆਨੰਦ ਸੀ .



ਮਾਵਾਂ ਭੈਣਾਂ ਵਰਗੀਆਂ ਚੁਗਾਵੀਆਂ ਲਈ ਪਾਣੀ ਲੈ ਕੇ ਵੱਟੋ ਵੱਟ ਜਾਣਾ .. ਕਈ ਵਾਰ ਡਿੱਗਣਾ , ਪੈਰ ਮੁਚੜ ਜਾਣਾ ਆਪੇ ਹੀ ਠੀਕ ਹੋ ਜਾਣਾ .. ਪਤਾ ਨਹੀਂ ਮੇਰੇ ਖੇਤਾਂ ਦੀ ਮਿੱਟੀ ਕੈਸੀ ਆ .. ਸੱਟ ਲੱਗਣੀ ਖ਼ੂਨ ਨਿਕਲਣਾ ਮਿੱਟੀ ਹੀ ਮਲ਼ ਲੈਣੀ ਖ਼ੂਨ ਬੰਦ ਹੋ ਜਾਣਾ .. ਮਿੱਟੀ ਹੀ ਸਾਡੀ ਡਾਕਟਰ ਸੀ .

ਆਥਣ ਵੇਲੇ ਘਰ ਆਉਣ ਸਮੇਂ ਸਾਗ ਤੋੜਨਾ , ਬਾਥੂ ਖ਼ੂਹ ਦੇ ਆਲ਼ੇ ਦੁਆਲੇ ਹੀ ਖੜਾ ਹੁੰਦਾ .. ਸਾਗ ਦੀਆਂ ਗੰਦਲਾਂ ਕੱਚੀਆਂ ਹੀ ਖਾਈ ਜਾਣੀਆਂ.... ਧੋਣ ਦੀ ਵੀ ਲੋੜ ਨਹੀਂ ਸੀ ਹੁੰਦੀ .. ਮਜ਼ਾਲ ਆ ਕੋਈ ਕਰੋਨਾ ਟਰੋਨਾ ਨੇੜੇ ਆ ਜਾਂਦਾ . ਤ੍ਰੇਲ ਉਪਰ ਨੰਗੇ ਪੈਰ ਤੁਰਨਾ ਕਦੀ ਠੰਡ ਨਹੀਂ ਸੀ ਲੱਗੀ .

ਅਲੱਗ ਅਲੱਗ ਕਿਸਮ ਦੀ ਫਸਲ ਮੇਰੇ ਬਾਪੂ ਦੇ ਖੇਤ ਵਿੱਚ ਬਿਨ੍ਹਾਂ ਕਿਸੇ ਦਵਾਈ ਦੇ ਉਗਦੀ ਸੀ .. ਖਾਸ ਕਰ ਸਾਉਣੀ ਦੀ ਫਸਲ ਵਿੱਚ ਬਹੁਤ ਕਿਸਮ ਹੁੰਦੀ ਸੀ . ਤਿਲ਼ , ਸਰੋਂ , ਤੋਰੀਆ , ਮੱਕੀ , ਜਵਾਰ , ਬਾਜਰਾ, ਗੰਨਾ , ਕਪਾਹ , ਅਰਹਰ, ਸੌਂਫ , ਸਬਜ਼ੀਆਂ ਘਰ ਲਈ . ਬਹੁਤ ਘੱਟ ਖਰੀਦ ਕਰਨੀ ਪੈਂਦੀ . ਸੀ .

ਅਕਸਰ ਹੀ ਸਾਡੇ ਘਰ ਸੁਣਦੀ ਹੁੰਦੀ ਸੀ ਕਿ ਇਸ ਡਾਕਰ ਮਿੱਟੀ ਵਿਚ ਮੁਰਦਾ ਵੀ ਗੱਡ ਦਿਓ ਹਰਾ ਹੋ ਜਾਂਦਾ . ਹਰੀ ਕ੍ਰਾਂਤੀ ਦੇ ਨਾਂ ਹੇਠ ਇਹ ਸਾਰੀਆਂ ਫਸਲਾਂ ਅਲੋਪ ਹੋ ਗਈਆਂ .. ਵੱਧ ਫ਼ਸਲ ਲੈਣ ਲਈ ਜੋ ਹੋਇਆ ਆਪਾਂ ਜਾਣਦੇ ਹੀ ਹਾਂ ... ਦੇਸ਼ ਰੱਜ ਗਿਆ ਤੇ ਅੱਜ ਕਿਸਾਨ ਨੂੰ ਅਨਪੜ੍ਹ , ਗੰਵਾਰ ਦੱਸ ਕੇ ਭੰਡਿਆ ਜਾ ਰਿਹਾ ...

ਚਿੱਬੜ , ਬਾਥੂ , ਵਾੜ ਕਰੇਲੇ , ਕੁੱਪ ਦੇ ਲਟਕਦੇ ਕੱਦੂ ,ਤੋਰੀਆਂ , ਖ਼ੂਹ ਦੀਆਂ ਪਾਣੀ ਸੁੱਟਦੀਆਂ ਟਿੰਡਾਂ ਅੱਜ ਵੀ ਚੇਤਿਆਂ ' ਚ ਖੌਰੂ ਪਾਉਂਦੀਆਂ .....

ਅੱਜ ਜਦ ਪੋਹ ਦੀਆਂ ਠੰਡੀਆਂ ਰਾਤਾਂ ਅਸਮਾਨ ਹੇਠ ਕਟਦੇ ਲੋਕਾਂ ਦਾ ਧਿਆਨ ਆਉਂਦਾ .. ਰਾਤ ਨੂੰ ਪਟੱਕ ਦੇਣੇ ਉੱਠ ਜਾਈਦਾ .. . ਫੋਨ ਖੋਲ੍ਹਦੀ ਹਾਂ ਦੇਖਣ ਲਈ ਕਿ ਸਭ ਠੀਕ ਤਾਂ ਹਨ ...

ਕਦੀ ਪੁਰਾਣਾ ਪੰਜਾਬ ਹੁੱਝਾਂ ਮਾਰ ਮਾਰ ਜਗਾਉਂਦਾ ਹੈ ਕਿ ਮੈਨੂੰ ਵਸਦੇ ਰਸਦੇ ਨੂੰ ਜਹਿਰੀਲਾ ਕਰਨ ਦੀ ਕੀ ਲੋੜ ਸੀ ?

ਕਮਲ਼ਿਆ, ਡਾਕਰ ਮਿੱਟੀ ' ਚ ਮੁਰਦੇ ਵੀ ਹਰੇ ਹੁੰਦੇ ਨੇ .. .. ਤੇਰੀ ਮਿੱਟੀ ਵਿੱਚ ਅਜੇ ਵੀ ਉਹ ਮਿਠਾਸ , ਪਿਆਰ , ਨਿਮਰਤਾ , ਸਹਿਯੋਗ.. ਮਿਲਵਰਤਣ , ਸਿਦਕ , ਸਿਰੜ ਵਾਲਾ ਜਜ਼ਬਾ ਹੈ ਜਿਸ ਨੂੰ ਕੋਈ ਵੀ ਨਫ਼ਰਤ ਦੇ ਜ਼ਹਿਰ ਨਾਲ ਖ਼ਤਮ ਨਹੀਂ ਕਰ ਸਕਿਆ .... ਮਸਲਾ ਡਾਕਰ ਮਿੱਟੀ ਦਾ ਹੈ ਤੇਰੇ ਲੋਕ ਜਾਣ ਢੱਠੇ ਖ਼ੂਹ ਵਿੱਚ ...

ਅੱਛਾ ... ਫ਼ਿਰ ਇੰਝ ਨਹੀਂ ਹੋਵੇਗਾ ... ਨਹੀਂ ਹੋਵੇਗਾ ... ਮੇਰੀ ਮਿੱਟੀ ... ਮੇਰੇ ਲੋਕ ...

ਅਸੀਂ ਦੋਨੋਂ ਹੌਕੇ ਲੈਂਦੇ ਸੌਂ ਜਾਂਦੇ ਹਾਂ ... ਉਦੋਂ ਤੱਕ .. ਪੂਰਬ ਵਲੋਂ ਸੂਰਜ ਦੀ ਲਾਲੀ ਸੁੱਖ ਦਾ ਸੁਨੇਹਾ ਦੇ ਰਹੀ ਹੁੰਦੀ ਹੈ ...

**ਪੇਸ਼ਕਸ਼ : ਸੁਖਦੀਪ ਸਿੰਘ ਬਰਨਾਲਾ**

# ਪੰਜਾਬੀ ਬੰਦੇ ਦਾ ਪੁਨਰ ਜਾਗਰਣ ਹੋਇਐ...

## ਕਿਸਾਨ ਮੋਰਚੇ ਰਾਹੀਂ ਸਿੱਖ ਸਭਿਆਚਾਰ, ਸੱਚ ਅਤੇ ਸੁੱਚ ਉਭਰ ਕੇ ਸਾਹਮਣੇ ਆਏ

**"ਫਿਲਹਾਲ" ਦੇ ਸੰਪਾਦਕ ਗੁਰਬਚਨ ਨਾਲ ਦਲਜੀਤ ਸਿੰਘ ਸਰਾਂ ਦੀ ਗੱਲਬਾਤ**

"ਕਿਸਾਨ ਮੋਰਚਾ ਇੱਕ ਅਜਿਹਾ ਵਿਲੱਖਣ ਵਰਤਾਰਾ ਹੈ ਜਿਸ ਰਾਹੀਂ ਪੰਜਾਬੀ ਬੰਦੇ ਦਾ ਜਾਗਰਣ ਹੋਇਆ ਹੈ। ਇਸ ਬੰਦੇ ਨੇ ਆਪਣੇ ਆਪ ਨੂੰ ਪੁਨਰ-ਪ੍ਰਭਾਸ਼ਿਤ ਕੀਤਾ ਹੈ, ਆਪਣੇ ਸਵੈ-ਸਾਤ ਦੇ ਸਰੋਤਾਂ ਨੂੰ ਪਛਾਣਿਆ ਹੈ। ਇਹ ਬੰਦਾ ਆਪਣੇ ਹੋਣੇ (ਵਜੂਦ) ਦਾ ਨਵਾਂ ਪਰਵਚਨ ਸਿਰਜ ਰਿਹੈ।

"ਪਿਛਲੇ ਕੁੱਝ ਦਹਾਕਿਆਂ ਤੋਂ, ਖ਼ਾਸ ਕਰ ਸੰਨ '92 ਬਾਅਦ, ਜਿਹੜੀ ਉਦਾਸੀਨਤਾ, ਨਿਰਾਸ਼ਾ ਅਤੇ ਬੇਦਿਲੀ ਆ ਗਈ ਸੀ, ਉਸ ਤੋਂ ਪੰਜਾਬੀ ਬੰਦਾ ਪਾਰ ਜਾ ਰਿਹੈ। ਇਹਦੀ ਨਿਰਭੈਤਾ ਅਕੱਥ ਰਹੀ ਹੈ; ਪਰ ਹੁਣ ਜਿਵੇਂ ਇਹ ਸਰਬ-ਸਾਂਝੀਵਾਲਤਾ, ਸਬਰ ਸੰਤੋਖ ਤੇ ਸਿਦਕ ਨਾਲ ਰਣ ਵਿਚ ਜੂਝ ਰਿਹਾ, ਇਹਦੀ ਮਿਸਾਲ ਕਿਤੇ ਹੋਰ ਨਹੀਂ ਮਿਲੇਗੀ। ਜੇ ਅਜਿਹਾ ਹੋ ਰਿਹਾ ਤਾਂ ਸਮਝੋ ਪੰਜਾਬੀ ਬੰਦੇ ਨੇ ਇਹ ਜੰਗ ਜਿੱਤ ਲਈ ਹੈ। ਸ਼ੁਭ ਕਰਮਨ ਤੋਂ ਇਹਦੀ ਅਮੋੜਤਾ ਵਿਚ ਹੀ ਇਹਦੀ ਜਿੱਤ ਹੈ।"

80 ਵਰ੍ਹਿਆਂ ਦੀ ਉਮਰ ਨੂੰ ਢੁਕਿਆ ਪੰਜਾਬ ਦਾ ਉੱਘਾ ਵਿਦਵਾਨ ਗੁਰਬਚਨ ਮੋਰਚੇ ਬਾਰੇ ਗੱਲ ਛੇੜਦਿਆਂ ਹੀ ਬੜੀ ਗਹਿਰਾਈ ਵਾਲਾ ਵਾਰਤਾਲਾਪ ਛੋਹਦਾ ਹੈ। ਲਗਭਗ 6 ਦਹਾਕਿਆਂ ਦੇ ਪੰਜਾਬ ਦੇ ਇਤਿਹਾਸ ਦਾ ਹਿੱਸਾ ਹੋਣ ਦੇ ਨਾਲ ਸਰਗਰਮ ਦਰਸ਼ਕ ਤੇ ਟਿਪਣੀਕਾਰ ਚਲਿਆ ਆ ਰਿਹਾ ਗੁਰਬਚਨ ਕੜਾਕੇ ਦੀ ਠੰਢ ਵਿੱਚ ਰਜਾਈ ਦਾ ਸਹਾਰਾ ਲੈਣ ਲਈ ਮਜਬੂਰ ਹੈ। ਸਿਹਤ ਢਿਲੀ ਹੈ। ਇਸਦੇ ਬਾਵਜੂਦ ਉਹ ਚੱਤੋ ਪਹਿਰ ਸਿੰਘੂ, ਟਿਕਰੀ, ਗਾਜ਼ੀਪੁਰ ਅਤੇ ਸਾਹਜਹਾਂਪੁਰ ਬਾਡਰ ਰਾਹੀਂ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਘੇਰਾ ਪਾਈ ਬੈਠੇ ਕਿਸਾਨ ਮੋਰਚੇ ਦੀਆਂ ਨਵੀਆਂ ਪਰਤਾਂ, ਇਹਦੀਆਂ ਅੰਤਰ-ਤੈਹਾਂ ਨੂੰ ਸੂਤਰਬੱਧ ਕਰਦਾ ਗੱਲ ਕਰਦਾ ਹੈ। ਮੌਜੂਦਾ ਕਿਸਾਨ ਮੋਰਚੇ ਨੂੰ ਪੰਜਾਬੀ ਪਛਾਣ, ਪੰਜਾਬੀ ਚੇਤਨਾ ਅਤੇ ਪੰਜਾਬੀ ਸਭਿਆਚਾਰ ਦਾ ਅਸਲ ਉਭਾਰ ਅਤੇ ਪ੍ਰਗਟਾ ਵਜੋਂ ਬਿਆਨਣ ਵਾਲੇ ਗੁਰਬਚਨ ਨੇ ਆਪਣੀਆਂ ਕਿਤਾਬਾਂ, ਲਿਖਤਾਂ ਅਤੇ "ਫਿਲਹਾਲ" ਮੈਗਜ਼ੀਨ ਰਾਹੀਂ ਪੰਜਾਬੀਆਂ ਦੇ ਸਰੋਕਾਰਾਂ, ਸਰੋਤਾਂ ਅਤੇ ਸੋਚ ਨੂੰ ਸਮਕਾਲੀ ਹਕੀਕਤਾਂ ਦੇ ਮੱਦੇਨਜ਼ਰ ਨਵੇਂ ਦ੍ਰਿਸ਼ਟੀਕੋਨ ਰਾਹੀਂ ਉਭਾਰਿਆ ਹੈ। ਇਸੇ ਲਈ "ਮੋਰਚਾ" ਅਖ਼ਬਾਰ ਲਈ ਕੁਝ ਲਿਖਣ ਦੀ ਗੁਜ਼ਾਰਿਸ਼ ਕਰਨ ਦੇ ਹੁੰਗਾਰੇ 'ਚ ਉਸ ਵਲੋਂ ਸਿਹਤ ਢਿੱਲੀ ਹੋਣ ਕਾਰਨ ਬੇਵਸੀ ਪ੍ਰਗਟਾਉਣਾ ਸਮਝ ਆਉਂਦਾ ਹੈ।

ਕਿਸਾਨ ਅੰਦੋਲਨ ਬਾਰੇ ਗੁਰਬਚਨ ਜਿਉਂ ਹੀ ਗੱਲ ਤੋਰਦਾ ਹੈ, ਉਹਦਾ ਵਾਰਤਾਲਾਪ ਸਾਰਥਿਕ ਪ੍ਰਵਚਨ ਬਣਨ ਲਗਦਾ। ਇਲਮ ਦੇ ਭੰਡਾਰ ਖੁਲ੍ਹ ਜਾਣ ਵਾਲਾ ਵਹਾਅ ਸਾਹਮਣੇ ਆਉਂਦਾ, ਜਿਵੇਂ ਮੋਰਚੇ 'ਚ ਹਾਜ਼ਰ ਹੋਣ ਤੋਂ ਵਿਰਵਾ ਵਿਦਵਾਨ ਦਿਲ ਫਰੋਲਣ ਦਾ ਮੌਕਾ ਲੱਭ ਰਿਹਾ ਹੋਵੇ। ਮੇਰੇ ਸਵਾਲਾਂ ਨੂੰ ਆਪਣੀ ਉਂਗਲੀ ਲਾ ਕੇ ਉਹ ਸਾਰੇ ਬਚਨ ਬਿਲਾਸ ਦੌਰਾਨ ਸਵਾਲ ਸੁਣਦਾ, ਸਵਾਲ ਕਰਦਾ ਤੇ ਜਵਾਬ ਦੇਂਦਾ ਹੈ..

"... ਪੰਜਾਬੀ ਬੰਦਾ ਲੰਮੀ ਖੜੋਤ ਤੋਂ ਟੁੱਟਾ ਹੈ। ਇਹ ਆਪਣਾ ਭਵਿੱਖ ਸਿਰਜਣ ਦੇ ਵੱਧ ਸਮਰੱਥ ਹੋਇਆ ਹੈ। ਚੇਤਨਾ ਦੇ ਇਸ ਨਵੇਂ ਉਭਾਰ ਦੇ ਨਿਸ਼ਾਨ ਪੰਜਾਬ ਵਿਚ ਇਹਦੇ ਇਤਿਹਾਸ ਵਿਚ ਪਏ ਹਨ। ਸਿੱਖ ਵਿਰਸਾ ਪੰਜਾਬੀ ਬੰਦੇ ਦੀ ਸਵੈ-ਸੱਤਾ ਨੂੰ ਕਾਇਨਾਤੀ ਵਿਸਤਾਰਾਂ ਨਾਲ ਜੋੜਦਾ ਹੈ। ਇਸ ਗੱਲ ਦੀ ਪਛਾਣ ਪੰਜਾਬ ਤੋਂ ਬਾਹਰ ਦੇ ਵਾਸੀਆਂ ਨੂੰ ਹੁਣ ਹੋ ਰਹੀ ਹੈ। ਇਹ ਅੰਦੋਲਨ ਦਾ ਵੱਡਾ ਹਾਸਲ ਹੈ।"

"ਪੰਜਾਬ ਦੀ ਜ਼ਮੀਨ ਸਾਧਾਰਨ ਨਹੀਂ। ਇਹ ਧਰਤੀ ਗੁਰਾਂ ਦੀ ਵਰੋਸਾਈ ਹੋਈ ਹੈ। ਇਸ ਮਿੱਟੀ ਵਿਚੋਂ ਸ਼ਬਦ ਅੰਮ੍ਰਿਤ ਦੀ ਫੁਹਾਰ ਫੁੱਟਦੀ ਹੈ। ਪੰਜਾਬ ਦੀ ਧਰਤੀ ਨੂੰ ਬਾਬੇ ਨਾਨਕ ਤੋਂ ਮਿਹਨਤ ਤੇ ਸਰਬਤ ਦੇ ਭਲੇ ਦਾ ਵਰਦਾਨ ਮਿਲਿਆ ਹੋਇਆ ਹੈ। ਜੇ ਕਿਸਾਨ ਅੰਦੋਲਨ ਲਾਜਵਾਬ ਢੰਗ ਨਾਲ ਚਲ ਰਿਹਾ ਹੈ, ਇਹਦੇ ਪਿੱਛੇ ਕੋਈ ਕ੍ਰਿਸ਼ਮਈ ਵਰਤਾਰਾ ਹੈ। ਅਜਿਹੇ



*"... ਪੰਜਾਬੀ ਬੰਦਾ ਲੰਮੀ ਖੜੋਤ ਤੋਂ ਟੁੱਟਾ ਹੈ। ਇਹ ਆਪਣਾ ਭਵਿੱਖ ਸਿਰਜਣ ਦੇ ਵੱਧ ਸਮਰੱਥ ਹੋਇਆ ਹੈ। ਚੇਤਨਾ ਦੇ ਇਸ ਨਵੇਂ ਉਭਾਰ ਦੇ ਨਿਸ਼ਾਨ ਪੰਜਾਬ ਦੇ ਇਤਿਹਾਸ ਵਿਚ ਪਏ ਹਨ। ਸਿੱਖ ਵਿਰਸਾ ਪੰਜਾਬੀ ਬੰਦੇ ਦੀ ਸਵੈ-ਸੱਤਾ ਨੂੰ ਕਾਇਨਾਤੀ ਵਿਸਤਾਰਾਂ ਨਾਲ ਜੋੜਦਾ ਹੈ। ਇਸ ਗੱਲ ਦੀ ਪਛਾਣ ਪੰਜਾਬ ਤੋਂ ਬਾਹਰ ਦੇ ਵਾਸੀਆਂ ਨੂੰ ਹੁਣ ਹੋ ਰਹੀ ਹੈ। ਇਹ ਅੰਦੋਲਨ ਦਾ ਵੱਡਾ ਹਾਸਲ ਹੈ।"*

ਵਰਤਾਰੇ ਨੇ ਪੰਜਾਬ ਦੇ ਕਿਰਤੀ ਕਿਸਾਨ ਨੂੰ ਹਮੇਸ਼ਾਂ ਤਾਕਤ ਦਿੱਤੀ ਹੈ। ਇਸ ਵਰਤਾਰੇ ਨੇ ਸਾਰਾਗੜ੍ਹੀ ਸਾਕੇ ਨੂੰ ਜੁਗਾਂ ਜੁਗਾਂਤਰਾਂ ਤੱਕ ਜੀਵਤ ਰੱਖਣਾ ਹੈ। ਇਹੀ ਵਰਤਾਰਾ ਪੰਜਾਬ ਦੇ ਬੰਦੇ ਅੰਦਰ ਸੁਤੰਤਰ ਹੋਣ ਦੀ ਜਾਗ ਲਗਾਂਦਾ ਹੈ। ਇਹ ਸਭ ਪੰਜਾਬ ਦੇ ਫਲਸਫ਼ੇ ਦਾ ਅੰਗ ਹੈ। ਪੰਜਾਬ ਜੇ ਦੇਸ ਲਈ ਏਨੀਆਂ ਕੁਰਬਾਨੀਆਂ ਕਰ ਸਕਿਆ ਤਾਂ ਇਹ ਕਿਸੇ ਅਪਾਰ ਫਲਸਫੇ ਦੇ ਬਗ਼ੈਰ ਨਹੀਂ ਸੀ ਹੋ ਸਕਦਾ।

"ਪੰਜਾਬ ਦਾ ਕਿਸਾਨ ਅੰਦੋਲਨ ਵਿਚ ਮੋਹਰੀ ਇਸ ਕਰਕੇ ਹੈ ਕਿ ਉਹਨੂੰ ਕੇਂਦਰ ਦੇ ਬਣਾਏ ਖੇਤੀ ਕਾਨੂੰਨ ਇਸ ਵਰਤਾਰੇ ਉੱਤੇ, ਪੰਜਾਬੀ ਬੰਦੇ ਦੀ ਜੀਵਨ ਜਾਚ ਉੱਤੇ, ਆਪਣੇ ਹੋਣੇ ਦੇ ਫਲਸਫ਼ੇ ਉੱਤੇ ਹਮਲਾ ਦਿਖਾਈ ਦੇਂਦੇ ਹਨ। ਅਜੇ ਤੱਕ ਇਹ ਬੰਦਾ ਹਰ ਤਰਜ਼ ਦੇ ਦੁਸ਼ਟ ਦਾ ਮੁਕਾਬਲਾ ਕਰਦਾ ਰਿਹਾ ਹੈ, ਪਰ ਹੁਣ ਉਹਨੂੰ ਲੱਗਦਾ ਕੋਈ ਵੱਡੀ ਸ਼ਕਤੀ, ਖੇਤੀ ਸੁਧਾਰਾਂ ਦੀ ਆੜ ਵਿਚ, ਉਹਦੇ ਵਜੂਦ ਨੂੰ ਨਿਗਲਣ ਆਈ ਹੈ। ਇਹ ਉਹਦੀ ਰਹਿਤਲ ਵਿਚ ਖਲਲ ਪਾਉਣ ਲਈ ਤਿਆਰੀ ਕਰੀ ਬੈਠੀ ਹੈ।

"ਏਨੇ ਦੂਭਰ ਮੌਸਮ ਵਿਚ ਵੀ ਸਬਰ ਸੰਤੋਖ ਤੇ ਸ਼ਾਂਤਮਈ ਢੰਗ ਨਾਲ ਮਹੀਨਿਆਂ ਤੋਂ ਵਿੱਢਿਆ ਗਿਆ ਇਹ ਮੁਹਾਜ਼ ਆਪਣੀ ਮਿਸਾਲ ਆਪ ਹੈ। ਅਜਿਹੀ ਮਿਸਾਲ ਨੂੰ ਕੇਂਦਰ ਦੇ ਸੱਤਾਧਾਰੀ ਗੌਲ ਨਹੀਂ ਰਹੇ। ਉਹ ਇਸ ਲਈ ਕਿ ਇਹ ਮਿਸਾਲ ਉਨ੍ਹਾਂ ਦੀ ਮਨੋ-ਬਿਰਤੀ ਵਿਚਲੇ ਖੋਟ ਨੂੰ ਪ੍ਰਗਟ ਕਰਦੀ ਹੈ। ਕਿਸਾਨ ਨੂੰ ਸੱਤਾਧਾਰੀਆਂ ਦੇ ਕਿਸੇ ਕਥਨ ਉੱਤੇ ਵਿਸ਼ਵਾਸ ਇਸ ਕਰਕੇ ਨਹੀਂ ਹੈ। ਉਹ ਹਰ ਗੱਲ ਦਸਤਾਵੇਜ਼ੀ ਰੂਪ ਵਿਚ ਮੰਗਦੇ ਹਨ। ਉਹ ਖੇਤੀ ਕਾਨੂੰਨਾਂ ਨੂੰ ਅਟੱਲ ਦਸਤਾਵੇਜ਼ ਮੰਨਦਿਆਂ ਹੀ ਇਨ੍ਹਾਂ ਨੂੰ ?? ਰੱਦ ਕਰਦੇ ਹਨ। ਸੱਤਾਧਾਰੀਆਂ ਦੀ ਸਿਆਸਤ ਮੁਨਾਫ਼ੇਖੋਰੀ ਦੀਆਂ ਨੀਂਹਾਂ ਉੱਤੇ ਟਿਕੀ ਹੋਈ ਹੈ, ਇਸੇ ਗੱਲ ਨੂੰ ਕਿਸਾਨ ਸਵੀਕਾਰ ਨਹੀਂ ਕਰ ਰਹੇ। ਕਿਰਤੀ ਕਿਸਾਨ ਦੀ ਸਿਆਸਤ ਦਾ ਆਧਾਰ ਲਹੂ ਮਿੱਟੀ ਅਤੇ ਮਿਹਨਤ ਹੈ। ਸਾਡੇ ਕਿਸਾਨਾਂ ਨੂੰ ਉਹਦੇ ਜੀਵਨ ਵਿਚ ਖਲਲ ਪਾਉਣ ਵਾਲੀਆਂ ਅਦ੍ਰਿਸ਼ਟ ਸ਼ਕਤੀਆਂ ਦੀ ਪਛਾਣ ਹੋ ਗਈ ਹੈ। ਤਦ ਹੀ ਉਹ ਅੰਬਾਨੀ/ਅਡਾਨੀ ਦੀ ਗੱਲ ਕਰਦੇ ਹਨ।

"ਉਸ ਕਾਰਪੋਰੇਟ ਸੰਸਾਰ ਤੱਕ ਕਿਸਾਨ ਦੀ ਨਜ਼ਰ ਜਾ ਪੁੱਜੀ ਹੈ ਜੋ ਸਾਡੇ ਦੇਸ ਨੂੰ ਆਪਣੇ ਮੱਕੜ-ਜਾਲ ਵਿਚ ਫਸਾਉਣਾ ਚਾਹੁੰਦਾ ਹੈ। ਇਸ ਮਕੜ ਜਾਲ ਵਿਚ ਸਿਆਸੀ ਜਮਾਤ ਫਸ ਸਕਦੀ ਹੈ ਪਰ ਅੱਜ ਕਿਰਤੀ ਕਿਸਾਨ ਸੁਚੇਤ ਹੈ, ਉਹੀ ਇਹਦੇ ਵਿਰੁੱਧ ਖੜ ਗਿਆ ਹੈ। ਇਹ ਚੇਤਨਾ ਹੀ ਕਿਸਾਨ ਅੰਦੋਲਨ ਦੀ ਅਸਲ ਤਾਕਤ ਹੈ। ਕੇਂਦਰ ਦੇ ਮੰਤਰੀ ਜੋ ਕਿਸਾਨਾਂ ਨਾਲ ਗੱਲਬਾਤ ਕਰਦੇ ਹਨ ਇਸ ਗੱਲ ਤੋਂ ਹੀ ਚਿੜ੍ਹਦੇ ਹਨ ਕਿ ਅੱਜ ਕਿਸਾਨ ਏਨਾ ਸੁਚੇਤ ਕਿਵੇਂ ਹੋ ਗਿਆ?"

"ਜਿਹੜਾ ਪੰਜਾਬੀ ਬੰਦਾ ਗ਼ਦਰ ਲਹਿਰ ਦੌਰਾਨ ਬਸਤੀਵਾਦੀ ਅੰਗਰੇਜ਼ਾਂ ਦੀ ਚੱਟਾਨ ਵਰਗੀ ਮਜ਼ਬੂਤ ਸੱਤਾ ਨਾਲ ਟਕਰਾਇਆ, ਉਹ ਕਿਸੇ ਤਰ੍ਹਾਂ ਦਾ ਜੂਲਾ ਸਵੀਕਾਰ ਨਹੀਂ ਕਰ ਸਕਦਾ, ਇਹ ਗੱਲ ਪੱਕੀ ਹੈ।

"ਭਾਵੇਂ ਅਜਿਹੀਆਂ ਗੱਲਾਂ ਕਿਸਾਨ ਮੋਰਚੇ ਦੀਆਂ ਸਟੇਜਾਂ ਉੱਤੇ ਨਹੀਂ ਹੁੰਦੀਆਂ, ਪਰ ਜਦ ਵੀ ਸਮਕਾਲੀ ਵਿੱਥ-ਸੂਝ ਤੋਂ ਕਿਸਾਨ ਅੰਦੋਲਨ ਦੀ ਅਹਿਮੀਅਤ ਸਮਝੀ ਜਾਵੇਗੀ ਤਾਂ ਇਹੀ ਗੱਲਾਂ ਹੋਣਗੀਆਂ। ਮੀਡੀਆ ਵਿਚ ਅਨੇਕ ਵਿਦਵਾਨ ਅਜਿਹੀਆਂ ਗੱਲਾਂ ਹੀ ਕਰ ਰਹੇ ਹਨ।"

ਪੰਜਾਬ ਵਿਚ ਕੀ ਵਿਲੱਖਣ ਹੈ ਕਿ ਇਹ ਇਸ ਅੰਦੋਲਨ ਵਿਚ ਮੋਹਰੀ ਹੈ?

"ਅੱਜ ਪੰਜਾਬੀ ਬੰਦੇ ਨੇ ਸਿੰਘੂ ਬਾਰਡਰ ਉੱਤੇ ਬਾਬੇ ਨਾਨਕ ਦੇ ਸਾਂਝੀਵਾਲਤਾ, ਚੜ੍ਹਦੀ ਕਲਾ, ਸੰਗਤ ਅਤੇ ਪੰਗਤ ਤੇ ਸਰਬਤ ਦੇ ਭਲੇ ਦਾ ਅਮਲ ਦੁਨੀਆ ਨੂੰ ਵਿਖਾਇਆ ਹੈ। ਅੰਦੋਲਨ ਜਾਰੀ ਹੈ। ਕੜਕ ਸਰਦੀ ਵਿਚ ਵੀ ਮਨੋਬਲ ਤਕੜਾ ਹੈ। ਸ਼ਹੀਦੀਆਂ ਵਿਚ ਵੀ ਕਿਤੇ ਥਿੜਕ ਨਹੀ। ਕੋਈ ਮਾੜੀ ਭਾਵਨਾ ਨਹੀਂ, ਅਪਸ਼ਬਦ ਨਹੀਂ....ਬੇਲੋੜਾ ਕਰੋਧ, ਗੁੱਸਾ ਰੋਹ ਕੁੱਝ ਵੀ ਅਜਿਹਾ ਨਹੀਂ। ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ, ਲਾਠੀਆਂ ਵਰ੍ਹਾਉਣ ਵਾਲੇ ਪੁਲੀਸ ਵਾਲਿਆਂ ਨੂੰ ਪਿਆਰ ਨਾਲ ਮਿਲਦੇ, ਲੰਗਰ ਪਾਣੀ ਛਕਾਉਂਦੇ ਬੱਸ ਆਪਣੇ ਹੱਕ ਮੰਗਦੇ ਨੇ। ਇਸ ਵਿਹਾਰ ਨੂੰ ਦੇਖ ਕੇ ਹੀ ਕੇਂਦਰ ਸਰਕਾਰ ਨੂੰ ਇਸ ਮੁਹਿੰਮ ਅੱਗੇ ਸਿਰ ਝੁਕਾਣਾ ਚਾਹੀਦਾ ਹੈ। ਅਜਿਹਾ ਨਾ ਕਰਕੇ ਸੱਤਾਧਾਰੀਆਂ ਨੇ ਆਪਣੀ ਦੂਸ਼ਿਤ ਬਿਰਤੀ ਨੂੰ ਬੇਪਰਦਾ ਕੀਤਾ ਹੈ।"

"ਪਰ ਦੇਸ ਦੀ ਆਮ ਲੋਕਾਈ, ਖਾਸ ਕਰਕੇ ਹਰਿਆਣਾ, ਯੂ ਪੀ, ਉਤਰਖੰਡ, ਰਾਜਿਸਥਾਨ ਦੇ ਕਿਰਤੀ ਕਿਸਾਨ, ਪੰਜਾਬ ਦੀ ਰੂਹ ਨੂੰ ਨੇੜਿਓਂ ਦੇਖ ਕੇ ਅੱਸ਼ ਅੱਸ਼ ਕਰ ਰਹੇ ਹਨ।

"ਇਤਿਹਾਸ ਸਿਰਜਿਆ ਜਾ ਰਿਹਾ ਪਰ ਰਵਾਇਤੀ ਸਿਆਸੀ ਪਾਰਟੀਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ ਜਾ ਰਿਹਾ। ਉਹ ਇਸ ਕਰਕੇ ਕਿ ਏਥੋਂ ਦੀ ਸਿਆਸੀ ਜਮਾਤ ਨਾ ਪੰਜਾਬ ਦੇ ਫਲਸਫੇ ਅਤੇ ਨਾ ਇਹਦੀ ਤਾਕਤ ਦੇ ਸਰੋਤਾਂ ਨੂੰ ਸਮਝ ਸਕੀ ਹੈ। ਆਮ ਕਿਰਤੀ ਕਿਸਾਨਾਂ ਦੇ ਜੀਵਨ ਵਿਹਾਰ ਵਿਚ ਹੀ ਪੰਜਾਬ ਦਾ ਫਲਸਫਾ ਸਮੋਇਆ ਹੋਇਆ। ਇਹਦਾ ਪਤਾ ਪਿਛਲੇ ਵਰ੍ਹੇ ਬਾਬੇ ਨਾਨਕ ਜੀ ਦੇ ੫੫੦ਵੇਂ ਜਨਮ ਉਤਸਵ ਵੇਲੇ ਲੱਗ ਗਿਆ ਜਦ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਹੁੰਮ ਹੁੰਮਾ ਕੇ ਸ਼ਰੀਕ ਹੋਈਆਂ।....

...ਜਦ ਸਿਆਸੀ ਜਮਾਤ ਥੋਥੇ ਨਾਹਰਿਆਂ ਅਤੇ ਵਰਗਲਾਣ ਵਾਲੇ ਟੀਚਿਆਂ ਤੱਕ ਸੀਮਤ ਰਹਿ ਜਾਵੇ ਤਾਂ ਨਤੀਜੇ ਉਹੀ ਨਿਕਲਣੇ ਹੁੰਦੇ ਹਨ ਜੋ ਪਿਛਲੇ ਕੁਝ ਦਹਾਕਿਆਂ ਵਿਚ ਨਿਕਲੇ। ਇੰਜ ਲੱਗਦਾ ਰਿਹਾ ਜਿਵੇਂ ਪੰਜਾਬ ਬਰਬਾਦ ਹੋ ਰਿਹਾ ਹੈ, ਪੰਜਾਬ ਉਜੜਤਾ ਪੰਜਾਬ ਹੈ, ਯੁਵਕ ਬਦੇਸ਼ਾਂ ਵਿਚ ਠਾਹਰ ਪ੍ਰਾਪਤ ਕਰਨ ਵਿਚ ਹੀ ਆਪਣੀ ਮੁਕਤੀ ਸਮਝਦੇ ਹਨ। ਪਰ ਹੁਣ ਦੇਖੋ। ਆਮ ਕਿਰਤੀ ਕਿਸਾਨਾਂ ਨੇ ਹੀ ਨਕਸ਼ਾ ਬਦਲ ਕੇ ਰੱਖ ਦਿੱਤਾ।"

ਕਿਸਾਨ ਮੰਗਾਂ ਨੂੰ ਲੈ ਕੇ ਸ਼ੁਰੂ ਹੋਏ ਘੋਲ ਦੇ ਲੋਕ ਅੰਦੋਲਨ ਬਣਨ ਦੌਰਾਨ ਖੱਬੇਪੱਖੀ ਕਿਸਾਨ ਆਗੂਆਂ ਤੇ ਸਿੱਖ ਧਿਰਾਂ ਵਿਚਾਲੇ ਮੱਠੀ ਸੁਰ ਵਿੱਚ ਇੱਕ ਦੂਜੇ ਨਾਲ ਸ਼ਬਦੀ ਟਕਰਾਅ ਬਾਰੇ ਗੁਰਬਚਨ ਦਾ ਕਹਿਣਾ ਹੈ ਕਿ ਨਿਰਸੰਦੇਹ ਕਿਸਾਨ ਯੂਨੀਅਨਾਂ ਦੀ ਵਾਗਡੋਰ ਖੱਬੇਪੱਖੀ ਵਿਚਾਰਧਾਰਾ ਵਾਲੇ ਆਗੂਆਂ ਹੱਥ ਹੈ। ਉਨ੍ਹਾਂ ਨੇ ਵਰ੍ਹਿਆਂ ਤੋਂ ਦਿਨ ਰਾਤ ਇੱਕ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਅਤੇ ਛੋਟੇ ਵੱਡੇ ਘੋਲ ਲੜੇ ਹਨ। ਉਨ੍ਹਾਂ ਦੀਆਂ ਜਥੇਬੰਦੀਆਂ ਦਾ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਆਧਾਰ ਅਤੇ ਸਰਗਰਮੀਆਂ ਹੁੰਦੀਆਂ ਰਹੀਆਂ ਹਨ, ਪਰ ਖੇਤੀ ਵਿਰੋਧੀ ਕਾਨੂੰਨਾਂ ਵਿਰੁਧ ਸਾਰਾ ਪੰਜਾਬ ਇੱਕ ਹੋ ਕੇ ਮੈਦਾਨ ਵਿੱਚ ਨਿਤਰਿਆ ਹੈ ਤੇ ਸਿਆਸੀ ਲੀਡਰਾਂ ਨੂੰ ਮੰਚ-ਨਿਕਾਲਾ ਦੇ ਦਿੱਤਾ ਗਿਆ ਹੈ। ਇਸ ਲਈ 31 ਕਿਸਾਨ ਜਥੇਬੰਦੀਆਂ ਦਾ ਇੱਕਮੁੱਠ ਹੋ ਕੇ ਪਹਿਲਾਂ ਪੰਜਾਬ ਵਿੱਚ ਰੋਸ ਮੁਜ਼ਾਹਰੇ ਅਤੇ ਰੇਲ ਰੋਕੋ ਵੀ ਪੰਜਾਬੀਆਂ ਦੇ ਏਕੇ ਦੀ ਵੱਡੀ ਮਿਸਾਲ ਸੀ। ਫਿਰ 26 ਨਵੰਬਰ ਨੂੰ ਦਿੱਲੀ ਵੱਲ ਕੂਚ ਵੇਲੇ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਸਭ ਹੱਦਾਂ ਸਰਹੱਦਾਂ ਪਾਰ ਕਰਕੇ ਦਿੱਲੀ ਨੂੰ ਘੇਰ ਲੈਣ ਦਾ ਕਰਮ ਵਰਤੇਗਾ..। ਸ਼ੁਰੂ ਵਿੱਚ ਮੋਹਰੀ ਕਿਸਾਨ ਆਗੂਆਂ ਨੂੰ ਸਿੱਖ ਮੁਹਾਵਰੇ "ਵਾਹਿਗੁਰੂ ਜੀ ਕਾ ਖਲਾਸਾ, ਵਾਹਿਗੁਰੂ ਜੀ ਕੀ ਫਤਹਿ" ਦੇ ਸੰਬੋਧਨ, 'ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਅਤੇ ਨਿਸ਼ਾਨ ਸਾਹਿਬ ਤੋਂ ਚਿੜ੍ਹ ਸੀ। ਪਰ ਹੁਣ ਉਹ ਵੀ ਮੋਰਚੇ ਦੇ ਬੇਮਿਸਾਲ ਅਤੇ ਇਤਿਹਾਸਕ ਬਣ ਜਾਣ ਨੂੰ ਵਾਹਿਗੁਰੂ ਵਲੋਂ ਵਰਤਾਈ ਕਲਾ ਮੰਨਣ ਲੱਗ ਪਏ ਨੇ..। "ਵਾਹਿਗੁਰੂ ਜੀ ਕਾ ਖਾਲਸਾ' ਜਾਂ 'ਬੋਲੇ ਸੋ ਨਿਹਾਲ' ਆਦਿ ਪੰਜਾਬੀ ਬੰਦੇ ਦੀ ਸਵੈ-ਸੱਤਾ ਦੀਆਂ ਪ੍ਰਮੁੱਖ ਇਕਾਈਆਂ ਹਨ।

ਬਾਕੀ ਸਫ਼ਾ 14 'ਤੇ

# ਕਿਸਾਨੀ ਕਾਫ਼ਲੇ

ਦਵਿੰਦਰ ਕੌਰ ਸਿੱਧੂ, ਦੌਧਰ, ਮੋਗਾ

ਤੁਰ ਪਏ ਕਾਫਲੇ ਕੂਚ ਦਾ ਲਿਆ ਨਿਰਣਾ,
ਟਰਾਲੀਆਂ ਭਰੀਆਂ ਰਸਦ ਸਮਾਨ ਦੀਆਂ ਨੇ।
ਕਹਿੰਦੇ ਦਿੱਲੀ ਦੀ ਹਿੱਕ 'ਤੇ ਬੈਠਣਾ ਏ,
ਗੱਲਾਂ ਹੱਕ ਦੀਆਂ, ਸਿਦਕ ਇਮਾਨ ਦੀਆਂ ਨੇ।

ਲਾਗੂ ਕਰਕੇ ਕਾਲੇ ਕਾਨੂੰਨ ਇਥੇ,
ਸਰਕਾਰਾਂ ਭਰਮ 'ਚ ਕਿਸਾਨ ਨੂੰ ਲੁੱਟ ਲੈਣਾ।
ਖੋਹ ਕੇ ਵੇਖਣ ਤਾਂ ਪੰਜਾਬ ਦੀ ਹਰੇਵਾਈ,
ਜਾਗੀ ਗੈਰਤ ਅਸਾਂ ਜੜ੍ਹੋਂ ਹੀ ਪੁੱਟ ਦੇਣਾ।

ਆਇਆ ਸੜਕਾਂ 'ਤੇ ਮੁਲਕ ਦਾ ਅੰਨਦਾਤਾ,
ਦੁਨੀਆਂ ਵਾਲੇ ਵੀ ਦੇਖ ਹੈਰਾਨ ਹੋ ਗਏ।
ਪੰਜਾਬ ਵਾਸੀ ਤੇ ਪ੍ਰਦੇਸੀ ਪੰਜਾਬ ਵਾਲੇ,
ਪੰਜਾਬੀ ਸਾਰੇ ਹੀ ਪੱਬਾਂ ਭਾਰ ਹੋ ਗਏ।

ਸਾਡੇ ਹੌਂਸਲੇ ਸਾਡੀ ਜਮੀਰ ਜਾਗੀ,
ਪੂਰੇ ਵਤਨ ਤੋਂ ਯੋਧੇ ਕਿਸਾਨ ਤੁਰ ਪਏ।
ਜਿਉਂਦੀ ਰੱਖਣਾ ਅਸਾਂ ਨੇ ਅਣਖ ਤਾਈਂ,
ਮਿੱਟੀ ਵਤਨ ਦੀ ਮੱਥੇ ਲਾ ਤੁਰ ਪਏ।

ਬੱਚੇ, ਬੁੱਢੇ, ਔਰਤਾਂ ਸਭ ਹੋਏ ਸਾਮਲ,
ਸਿੰਘੂ ਬਾਰਡਰ 'ਤੇ ਨਵਾਂ ਪੰਜਾਬ ਬਣਿਆ,
ਵਧਦੇ ਜਾਂਵਦੇ ਅਵਾਜ ਬੁਲੰਦ ਕਰਦੇ,
ਝੰਡਾ ਕਿਰਸਾਣੀ ਦਾ ਸਾਡਾ ਮਾਣ ਬਣਿਆ।

ਠੀਕ ਟੀਕਰੀ ਪਹੁੰਚ ਕੇ ਲਾਏ ਡੇਰੇ,
ਹਿੱਕ ਠੋਕ ਕੇ ਫੈਸਲਾ ਸੁਣਾ ਦਿਆਂਗੇ।
ਕਹਿਰੀ ਅੱਖ ਦੇਖੂ ਜੋ ਕਿਸਾਨ ਵੰਨੇ,
ਉਹਨੂੰ ਰਲ ਕੇ ਜੜ੍ਹੋਂ ਬੁਝਾ ਦਿਆਂਗੇ।

ਇੱਕੋ ਮੰਚ 'ਤੇ ਪੁਰਾਣਾ ਪੰਜਾਬ ਪਹੁੰਚਾ,
ਦਰਦੀ ਕੌਮ ਦੇ ਅਗਵਾਈ ਕਰਨ ਲੱਗੇ।
ਸਾਡੀ ਧਰਤ ਖਤਰੇ, ਸਾਡੀ ਹੋਂਦ ਖਤਰੇ।
ਇਹ ਧੱਕਾ ਅਸੀਂ ਕਦੀ ਨਹੀਂ ਜਰਨ ਲੱਗੇ।

ਜਿਥੇ ਪੰਜਾਬ ਅਗਵਾਈ ਦੀ ਜਾਗ ਲਾਵੇ,
ਉਥੇ ਸੂਰਮੇ ਭਗਤ ਜਿਹੇ ਗੜਕਦੇ ਨੇ।
ਮਿਸਾਲ ਲੋਕ ਸਕਤੀ ਦੀ ਗਈ ਸਿਰਜੀ,
ਸਰਕਾਰ ਸਮੇਂ ਦੀ ਦੇ ਤਖਤ ਵੀ ਜਰਕਦੇ ਨੇ।

ਪੰਜਾਬ ਤੁਰਿਆ ਰੌਸਨ ਮਿਸਾਲ ਬਣ ਕੇ,
ਸਾਡੇ ਵਤਨੀ ਵੀ ਸਾਰੇ ਜਗਮਗਾ ਗਏ ਨੇ।
ਰੱਖਣੀ ਸਾਂਤੀ ਤੇ ਹੱਕ ਹਕੂਕ ਲੈਣੇ,
ਸਾਡੇ ਰਹਿਬਰ ਵੀ ਇਹੋ ਫਰਮਾ ਗਏ ਨੇ।

# ਇਹ ਅੱਖਾਂ ਸਭ ਕੁਝ ਬੋਲਦੀਆਂ

- ਸਰਬਜੋਤ ਸਿੰਘ ਬਹਿਲ





ਇਹ ਅੱਖਾਂ ਸਭ ਕੁਝ ਬੋਲਦੀਆਂ
ਭੂਰੀਆਂ ਸਿਆਹ ਬਲੌਰੀ ਅੱਖਾਂ
ਬਾਟੇ ਕੌਲ ਕਟੋਰੀ ਅੱਖਾਂ
ਪੈਨੀਆਂ, ਡੌਰੀ ਭੌਰੀ ਅੱਖਾਂ
ਨਮ ਅੱਖੀਆਂ ਤੇ ਠਰੀਆਂ ਅੱਖਾਂ
ਖਾਲੀ ਅੱਖਾਂ ਭਰੀਆਂ ਅੱਖਾਂ
ਭੇਤ ਨੇ ਲੱਖਾਂ ਖੋਲ੍ਹਦੀਆਂ
ਇਹ ਅੱਖਾਂ ਸਭ ਕੁਝ ਬੋਲਦੀਆਂ

ਇਨ੍ਹਾਂ ਬੰਜਰ ਕੱਲਰ ਰੱਕੜ ਵੇਖੇ
ਦਲਦਲ ਸੇਮ ਤੇ ਚਿੱਕੜ ਵੇਖੇ
ਪਾਲੇ ਕੱਕਰ ਝੱਖੜ ਵੇਖੇ
ਸੋਕੇ ਹੜ ਤੇ ਪਤਝੜ ਵੇਖੇ
ਜਾਲਮ ਧਾੜਵੀ ਧੱਕੜ ਵੇਖੇ
ਮਿੱਠੇ ਮੇਵੇ ਦੇ ਕੇ ਸਭ ਨੂੰ
ਇਹ ਖਾਰੇ ਹੰਝੂ ਡੋਲ੍ਹਦੀਆਂ
ਇਹ ਅੱਖਾਂ ਸਭ ਕੁਝ ਬੋਲਦੀਆਂ

ਇਨ੍ਹਾਂ ਅੱਖਾਂ ਨੂੰ ਅੱਖਾਂ ਨਾ ਵਿਖਾ
ਇਨ੍ਹਾਂ ਅੱਖਾਂ 'ਤੇ ਪਰਦੇ ਨਾ ਪਾ
ਅੱਖਾਂ ਵਿੱਚ ਤੂੰ ਅੱਖ ਤਾਂ ਪਾ
ਅੱਖ ਦੀ ਤਾਂ ਕੁਝ ਰੱਖ ਹਯਾ
ਇਨ੍ਹਾਂ ਅੱਖਾਂ ਦੇ ਵੱਲ ਵੇਖ ਜਰਾ
ਇਹ ਤੱਕਣੀ ਦੀਆਂ ਤੱਕੜੀਆਂ
ਸਭ ਚੰਗਾ ਮਾੜਾ ਤੋਲਦੀਆਂ
ਇਹ ਅੱਖਾਂ ਸਭ ਕੁਝ ਬੋਲਦੀਆਂ

ਇਨ੍ਹਾਂ ਨੈਣਾਂ ਦੇ ਵਿੱਚ ਰੜਕ ਪਏ
ਕਿਤੇ ਅੱਖ ਨਾ ਕੋਈ ਫੜਕ ਪਏ
ਬਿਜਲੀ ਨਾ ਕੋਈ ਕੜਕ ਪਏ
ਕਿਤੇ ਅੱਗ ਨਾ ਕੋਈ ਭੜਕ ਪਏ
ਵਿੱਚ ਸੁਪਨਾ ਨਾ ਕੋਈ ਤਿੜਕ ਪਏ
ਚੁਫੇਰੇ ਘੁੱਪ ਹਨੇਰੇ ਵਿੱਚ
ਇਹ ਅੱਖਾਂ ਚਾਨਣ ਟੋਲਦੀਆਂ
ਇਹ ਅੱਖਾਂ ਸਭ ਕੁਝ ਬੋਲਦੀਆਂ

ਇਨ੍ਹਾਂ ਅੱਖਾਂ ਵਿੱਚ ਹਰਿਆਲੀ ਵਸਦੀ
ਇਨ੍ਹਾਂ ਅੱਖਾਂ ਵਿੱਚ ਹੈ ਜਿੰਦੜੀ ਹੱਸਦੀ
ਇਕ ਬਦਲੀ ਅੱਖਾਂ ਵਿੱਚ ਲਰਜਦੀ
ਕਦੇ ਬਰਸਦੀ ਕਦੇ ਤਰਸਦੀ
ਹਰ ਨਜਰ ਜਮੀਰ ਨੂੰ ਡੱਸਦੀ
ਪੋਹ ਸਵੇਰੇ ਠੰਡੀ ਸੁਆਹ 'ਚੋਂ
ਅੱਗ ਦੇ ਨਗ ਫਰੋਲਦੀਆਂ
ਇਹ ਅੱਖਾਂ ਸਭ ਕੁਝ ਬੋਲਦੀਆਂ

# ਫਿਰ ਉਠੀ ਸਦਾਅ

ਬਲਵਿੰਦਰ ਸੰਧੂ ਪਟਿਆਲਾ

ਫਿਰ ਮੇਰੇ ਖੱਤਿਆਂ 'ਚ
ਕੁਛ ਸੱਤਿਆ ਜਾਗੀ
ਫਿਰ ਜਗਮਗਾਉਂਦੇ ਜੁਗਨੂੰਆਂ
ਕੁਤਬ ਦੀ ਲਾਠ ਪਿਘਲਾ 'ਤੀ !

ਫਿਰ ਬੋਹੜਾਂ, ਪਿੱਪਲਾਂ ਤੇ
ਤੂਤਾਂ ਨੇ ਅੰਗੜਾਈ ਭੰਨੀ
ਫਿਰ ਬਾਜਰੇ ਦੇ ਸਿੱਟਿਆਂ
ਸਨੀ ਨੂੰ ਸਸਿਤ ਸੇਧੀ !

ਫਿਰ ਕਣਕ ਦੇ ਦਾਣੇ
ਬੁਰਿਆਂ ਨੂੰ ਸੱਰਿਆਂ ਵਾਂਗ ਵੱਜੇ
ਫਿਰ ਰਾਹੂ ਕੇਤੂ ਨੂੰ ਆਲੂ ਪਿਆਜ
ਗਰਨੇਡਾਂ ਵੱਤ ਲੱਗੇ !

ਫਿਰ ਹੱਥ ਹੱਥ ਲੰਮੀਆਂ ਮੱਕੀ ਦੀਆਂ ਛੱਲੀਆਂ
ਮਿਜਾਇਲਾਂ ਬਣ ਚੱਲੀਆਂ
ਫਿਰ ਓਰਿਆਂ 'ਚ ਗੰਨੇ ਦੀਆਂ ਪੋਰੀਆਂ
ਦਬੂੰਕਾਂ ਬਣ ਉੱਗੀਆਂ !

ਫਿਰ ਮੂੰਜੀ ਦੀਆਂ ਮੁੰਜਰਾਂ
ਮੋਰਚੇ ਸੰਭਾਲ ਲਏ
ਫਿਰ ਨਰਮੇ ਨੇ ਨਰਮਾਈ ਦੇ
ਨੇਮ ਸਭ ਤਿਆਗ 'ਤੇ !

ਫਿਰ ਆਡ ਦਾ ਪਾਣੀ
ਕਿਨਾਰਿਆਂ ਨਾਲ ਖਹਿ ਕੇ ਤੁਰਿਆ
ਫਿਰ ਵੱਟਾਂ ਬੰਨਿਆਂ ਦਾ ਹਮਾ ਤੁਮਾ
ਕੁਝ ਕੁਝ ਖੁਰਿਆ !

ਫਿਰ ਚਿੜੀਆਂ
ਸਹਿ ਕੇ ਬੈਠਾ ਬਾਜ ਜਾ ਦਬੋਚਿਆ
ਫਿਰ ਗਟਾਰਾਂ, ਆਂਡੇ ਪੀਣਾ ਨਾਗ
ਖੁੱਡ 'ਚੋਂ ਬਾਹਰ ਕੱਢ ਲਿਆ !

ਫਿਰ ਉੱਲੂ , ਉੱਲੂ ਦੇ ਪੱਠੇ
ਪੁੱਠੇ ਖੰਭੀਂ ਉੱਡ ਗਏ
ਫਿਰ ਪਲੇ ਹੋਏ ਮੁੱਛਲ ਚੂਹੇ
ਖੁੱਡਾਂ ਦੇ ਵਿੱਚ ਦੁਬਕ ਗਏ !

ਫਿਰ ਚੌਥੇ ਦਾ ਚੰਨ
ਚੌਦਵੀਂ ਦਾ ਹੋ ਚਮਕਿਆ
ਫਿਰ ਕੱਤੇਂ ਦਾ ਸੂਰਜ
ਵਿਸਾਖ ਦਾ ਬਣ ਲਿਸਕਿਆ !
ਫਿਰ ਚਾਂਦੀ ਰੰਗੀ ਧੁੱਪ
ਕੁਝ ਕੁ ਬਸੰਤੀ ਹੋਈ
ਫਿਰ ਸੁਗੰਧ ਸਮੀਰ 'ਚੋਂ
ਲਲਕਾਰ ਦੀ ਆਵਾਜ ਆਈ !

ਫਿਰ ਮੇਰੇ ਖੱਤਿਆਂ 'ਚ
ਕੁਛ ਸੱਤਿਆ ਜਾਗੀ
ਫਿਰ ਜਗਮਗਾਉਂਦੇ ਜੁਗਨੂੰਆਂ
ਕੁਤਬ ਦੀ ਲਾਠ ਪਿਘਲਾ 'ਤੀ !!

# ਜੱਟ ਦੀ ਕਹਾਣੀ

ਇੱਕ ਜੱਟ ਸੀ...
ਇੱਕ ਜੱਟ ਸੀ ਕਮਾਦ ਪਿਆ ਗੁਡਦਾ
ਭਾਦੋਂ ਦੀ ਕੜਾਕਾ-ਧੁੱਪ 'ਚ
ਆਇਆ ਮੁੜ੍ਹਕਾ
ਆਇਆ ਮੁੜ੍ਹਕਾ ਤੇ ਭਿੱਜ ਗਿਆ ਕੁੜਤਾ
ਪੱਛਾਂ ਨੇ ਸਰੀਰ ਪੱਛਿਆ
ਲੱਗੀ ਤੇਹ ਬਈ
ਲੱਗੀ ਤੇਹ ਬਈ, ਛੱਪੜ੍ਹ ਨੂੰ ਦੌੜਿਆ
ਕੋੜਾ ਹੋ ਕੇ ਪਾਣੀ ਪੀਂਵਦਾ
ਪਾਣੀ ਤੱਤਾ ਸੀ
ਪਾਣੀ ਤੱਤਾ ਸੀ ਧੁੱਪਾਂ ਨੇ ਕੀਤਾ
ਦਮੇਂ ਦੀ ਬੀਮਾਰੀ ਹੋ ਗਈ
ਕੋਲ ਪਾਈ ਨਾ
ਕੋਲ ਪਾਈ ਨਾ ਬੀਮਾਰੀ ਉੱਤੇ ਲਾਉਣ ਨੂੰ
ਘਰੋਂ ਜੱਟੀ ਗਾਲਾਂ ਕੱਢਦੀ
ਸੱਜਣਾ ! !
ਸੱਜਣਾ ! ਮਾਮਲਾ ਤਾਂ ਦੇਣਾ ਪਊਗਾ ਕਿੱਥੇ ਭੱਜਣਾ
ਲੋਕ ਸੁੱਤੇ ਨੇ
ਲੋਕ ਸੁੱਤੇ ਨੇ ਆਰਾਮ ਨਾਲ ਸਾਰੇ
ਅੱਧੀ ਰਾਤੀਂ ਜੱਟ ਉਠਿਆ
ਮੋਢੇ ਹਲੜਾ
ਮੋਢੇ ਹਲੜਾ ਤੇ ਹੱਥ 'ਚ ਪਰਾਣੀ
ਮੂਹਰੇ ਜੋੜੀ ਢੱਗਿਆਂ ਦੀ
ਢੱਗੇ ਜੋੜ ਕੇ
ਢੱਗੇ ਜੋੜ ਕੇ ਖੇਤ ਵਿੱਚ ਵੜਿਆ
ਹਟ ਪਰ੍ਹੇ ਤੂੰ ਵੱਗਿਆ
ਕੇਸ ਖੁੱਲ੍ਹੇ ਸੀ
ਕੇਸ ਖੁੱਲ੍ਹੇ ਸੀ ਲਮਕਦੀਆ ਲੀਰਾਂ
ਢਾਈ ਪੇਚ ਪਗੜੀ ਦੇ
ਤੋੜ ਕੱਛਾ ਵੀ
ਤੋੜ ਕੱਛਾ ਵੀ ਖੱਦਰ ਦਾ ਪਾਟਿਆ
ਨਾਲਾ ਪਾਇਆ ਜੋਤ ਵੱਢ ਕੇ
ਉੱਤੋਂ ਸਿਖਰ
ਉੱਤੋਂ ਸਿਖਰ ਦੁਪਹਿਰਾ ਹੋਇਆ
ਰੋਟੀ ਵੀ ਨਾ ਆਈ ਘਰ ਤੋਂ
ਚੂੜੇ ਵਾਲੜੀ
ਚੂੜੇ ਵਾਲੜੀ ਦੇ ਹੱਥ ਵਿੱਚ ਪਾਣੀ
ਸੁੱਕੀ ਰੋਟੀ ਛੋਲਿਆਂ ਦੀ
ਸੱਜਣਾ !!
ਸੱਜਣਾ !! ਮਾਮਲਾ ਤਾਂ ਦੇਣਾ ਪਊਗਾ ਕਿੱਥੇ ਭੱਜਣਾ

# ਮੰਡੀ ਵਿੱਚੋਂ ਆ ਕੇ ਬਾਪੂ

ਮੁਖਤਿਆਰ ਸਿੰਘ ਜਫਰ (ਮੱਲੋ ਕੇ , ਜੀਰਾ, ਜ਼ਿਲ੍ਹਾ ਫੀਰੋਜਪੁਰ)

ਮੰਡੀ ਵਿੱਚੋਂ ਆ ਕੇ ਬਾਪੂ ਮੰਜੀ ਉੱਤੇ ਪੈ ਗਿਓਂ ਵੇ
ਮੂੰਹ ਦੇ ਉੱਤੇ ਗਮ ਦੇ ਨੇ ਸਾਏ।
ਵੇ ਬਾਬਲਾ ਗਮ ਜਿਵੇਂ ਕਣਕੋਂ ਵਟਾਏ।
ਜਾਪਦਾ ਹਿਸਾਬ ਤੇਰਾ ਤੇਲ ਅਤੇ ਖਾਦ ਦਾ ਵੇ
ਪੂਰਾ ਨਹੀਂ ਕਣਕ ਵਿੱਚੋਂ ਹੋਇਆ।
ਹਾਉਕਾ ਤੇਰੇ ਬੁੱਲਾਂ ਉੱਤੇ ਆਇਆ ਅੱਖੀਂ ਵੇਖਿਆ ਮੈਂ,
ਵੇਖ ਮੈਨੂੰ ਕਾਸਤੋਂ ਲੁਕੋਇਆ।
ਮੇਰੇ ਬਾਬਲਾ ਮੈਂ, ਤੇਰੇ ਮਨ ਦੀਆਂ ਜਾਣਦੀ ਹਾਂ,
ਕਾਹਤੋਂ ਰੰਗ ਜਾਏ ਇੱਕ ਆਏ।
ਆਸਾਂ ਲਾ ਕੇ ਤਨ ਤਾਈਂ ਪੋਹ ਮਾਘ ਕੱਕਰਾਂ 'ਚ
ਕਣਕ ਨੂੰ ਪਾਣੀ ਲਾਉਂਦੇ ਠਾਰਿਆ।
ਆਖਦਾ ਸੀ ਧੀਏ ਲੈ ਕੇ ਐਤਕੀਂ ਵਿਛਾਈ ਦੇਊਂ,
ਰੀਝ ਪੂਰੀ ਹੋਈ ਨਾ ਵਿਚਾਰਿਆ।
ਖਸਮਾਂ ਨੂੰ ਖਾਏ ਮੇਰੀ ਬਾਬਲਾ ਵਿਛਾਈ
ਪਰ ਤੇਰਾ ਵੀ ਕਿਉਂ ਮੂੰਹ ਕੁਮਲਾਏ।
ਜਾਪਦਾ ਦਿਮਾਗ ਵਿੱਚ ਲਿਮਟਾਂ ਤੇ ਕੱਪੜੇ ਦੇ
ਹੋਰ ਨਿੱਕੇ ਮੋਟੇ ਘੁੰਮਦੇ ਉਧਾਰ।
ਸੀਨੇ 'ਚ ਅਲੇਹ ਦੇ ਕੰਡੇ ਵਾਂਗੂੰ ਚੁਭੀ ਤੇਰੇ ਬਾਪੂ,
ਪਿੱਛੋਂ ਪਈ ਸੀ ਆਵਾਜ ਜੋ ਬਾਜਾਰ।
ਔਖਾ ਸੌਖਾ ਪਾਣੀ ਵਾਂਗੂੰ ਪੀ ਗਿਆ ਤੂੰ ਘੁੱਟੋਬਾਟੀ,
ਬੋਲ ਤੱਤੇ ਠੰਢੇ ਸੇਠ ਨੇ ਸੁਣਾਏ।
ਪੁੱਤ ਜਿਵੇਂ ਧਨੀਆਂ ਦਾ ਪੈਸੇ ਦੇ ਗੁਮਾਨ ਵਿੱਚ,
ਲੁੱਟ ਲੈਂਦਾ ਇੱਜਤਾਂ ਕੁਆਰੀਆਂ।
ਓਵੇਂ ਤੇਰੀ ਸੋਨੇ ਜਹੀ ਕਣਕ ਬਾਪੂ ਮੰਡੀ ਵਿੱਚ,
ਰਲ ਲੁੱਟੀ ਸੇਠਾਂ ਸਰਕਾਰੀਆਂ।
ਤੇਰੇ ਖੇਤੀਂ ਜੰਮੀ ਵੇ ਕਣਕ ਬਾਪੂ ਭੈਣ ਮੇਰੀ,
ਕੌਣ ਸਾਡੀ ਇੱਜਤ ਬਚਾਏ।
ਵੇ ਬਾਬਲਾ ਗਮ ਜਿਵੇਂ ਕਣਕੋਂ ਵਟਾਏ।

# ਕਿਸਾਨ ਸੰਘਰਸ਼ ਨੂੰ ਸਮਰਪਿਤ ਲੋਹੜੀ ਦਾ ਗੀਤ



ਸਿੰਘੂ ਟਿੱਕਰੀਏ ਹੋ
ਤੇਰਾ ਸਬਰ ਨਿਆਰਾ ਹੋ
ਭਾਈ ਕਨ੍ਹਈਏ ਵਾਲਾ ਹੋ
ਕਰਦਾ ਨਾ ਨਿਪਟਾਰਾ ਹੋ
ਮੋਦੀ ਗੱਪਾਂ ਵਾਲਾ ਹੋ
ਮੋਦੀ ਗੱਪ ਚਲਾਈ ਹੋ
ਕਿਸਾਨੀ ਸੇਲ ਤੇ ਲਾਈ ਹੋ
ਨਵਾਂ ਕਨੂੰਨ ਬਣਾਇਆ ਹੋ
ਅੰਬਾਨੀ ਯਾਰ ਬਣਾਇਆ ਹੋ
ਕਿਸਾਨਾਂ ਘੇਰਾ ਪਾਇਆ ਹੋ
ਦਿੱਲੀ ਡੇਰਾ ਲਾਇਆ ਹੋ
ਦੁੱਲਾ ਯਾਦ ਕਰਾਇਆ ਹੋ
ਉੱਠੀ ਕੁੱਲ ਲੁਕਾਈ ਹੋ

ਲੋਹੜੀ ਨਵੀਂ ਮਨਾਈ ਹੋ
ਲਾਂਬੂ ਬਿਲ ਨੂੰ ਲਾਇਆ ਹੋ
ਸੁਣ ਲੋ ਮਾਈ ਭਾਈ ਹੋ
ਸਮਝੋ ਇਹ ਸੱਚਾਈ ਹੋ
ਅੱਜ ਕਿਸਾਨੀ ਫਾਹੀ ਹੋ
ਕੱਲ ਨੂੰ ਮੇਰੀ ਵਾਰੀ ਹੋ
ਪਰਸੋਂ ਤੇਰੀ ਵਾਰੀ ਹੋ
ਸੁਣ ਲੈ ਮੇਰੀ ਮਾਈ ਹੋ
ਸੁਣ ਲੈ ਮੇਰੀ ਮਾਈ ਹੋ
ਦੇ ਮਾਈ ਹੋਕਾ
ਲੋਹੜੀ ਦਾ ਹੈ ਮੌਕਾ
ਦੇ ਭਾਈ ਹੋਕਾ
ਬਿੱਲਾਂ ਨੂੰ ਲਾ ਝੋਕਾ

ਦੇ ਮਾਈ ਹੋਕਾ
ਇਹੋ ਇੱਕ ਮੌਕਾ
ਦੇ ਭਾਈ ਹੋਕਾ
ਨਹੀਂ ਤਾਂ ਪੈਣਾ ਸੋਕਾ
ਦੇ ਮਾਈ ਹੋਕਾ
ਕਰਨਾ ਪੈਣਾ ਏਕਾ
ਦੇ ਭਾਈ ਹੋਕਾ
ਜਿੱਤੇ ਸਾਡਾ ਏਕਾ
ਦੇ ਮਾਈ ਹੋਕਾ
ਲੋਹੜੀ ਦਾ ਹੈ ਮੌਕਾ
ਦੇ ਭਾਈ ਹੋਕਾ
ਬਿਲਾਂ ਨੂੰ ਲਾ ਝੋਕਾ

ਅਮਨਦੀਪ ਸਿੰਘ ਸੇਖੋਂ

## ਮੌਸਮ ਠੰਢਾ ਸੀਤ

**ਸੇਵਕ ਸਿੰਘ**, 98885 84313

ਮੌਸਮ ਠੰਢਾ ਸੀਤ ਨੀ ਜਿੰਦੇ
ਸੁਣ ਨਵੇਂ ਵਰ੍ਹੇ ਦਾ ਗੀਤ ਨੀ ਜਿੰਦੇ

ਇਕ ਤੇ ਰੜਕ ਹੱਡਾਂ ਵਿਚ ਪੈਂਦੀ
ਇਕ ਰੜਕ ਹੈ ਸਾਹੀਂ ਰਹਿੰਦੀ
ਚਲੀਆਂ ਸਦੀਆਂ ਬੀਤ ਨੀ ਜਿੰਦੇ

ਫਿਰ ਤੋਂ ਸੁਣੀਏ ਉਹੀ ਕਹਾਣੀ
ਵੱਡੀ ਤੇ ਜਿਹੜੀ ਅਸਲ ਪੁਰਾਣੀ
ਫੜ੍ਹ ਪੁਰਖਿਆਂ ਦੀ ਰੀਤ ਨੀ ਜਿੰਦੇ।।

ਕਿਉਂ ਨਿੰਦੀਏ ਵੇਲੇ ਬੀਤੇ ਨੂੰ
ਚੱਲ ਪਰਖੀਏ ਆਪਣੇ ਕੀਤੇ ਨੂੰ
ਪਛਾਣੀਏ ਵੈਰੀ ਮੀਤ ਨੀ ਜਿੰਦੇ

ਰਾਹ ਚੁਣਿਆ ਏ ਜਿਹੜਾ ਨੀ
ਏਥੇ ਵੱਡੀ ਗੱਲ ਨਿਬੇੜਾ ਨੀ
ਛੋਟੀ ਹਾਰ ਤੇ ਜੀਤ ਨੀ ਜਿੰਦੇ

ਸਦਾ ਸਜਦੀਆਂ ਰਹਿਣਾਂ ਦੇਗਾਂ
ਲੋੜ ਪਏ ਤਾਂ ਲਿਸ਼ਕਣ ਤੇਗਾਂ
ਬੁਰਾ ਨਾ ਰਾਖੋ ਚੀਤ ਨੀ ਜਿੰਦੇ

## ਸਭ ਸੱਤ ਹੈ, ਸਭ ਸੱਤ ਹੈ

**ਜਸਕਰਨ ਸਿੰਘ**, ਬੀ ਸੀ ਕਨੇਡਾ

ਚੰਦਾਂ ਦਾ ਘੁੰਮਣਾ,
ਸੂਰਜਾਂ ਦਾ ਖੜ੍ਹਣਾ,
ਰੋਹੀਆਂ ਦੇ ਅੱਕ ਦਾ,
ਟਿੱਬਿਆਂ ਦੀ ਫੱਕ ਦਾ
ਗੁਰੂ ਗੁਰੂ ਪੜ੍ਹਣਾ
ਸੱਤ ਹੈ, ਸੱਤ ਹੈ
ਸਭ ਸੱਤ ਹੈ।
ਹੇਠ ਝੂਲਦੇ ਨਿਸ਼ਾਨਾਂ ਦੇ,
ਨਾਲ ਲਿਸਕਦੀਆਂ ਕਿਰਪਾਨਾਂ ਦੇ,
ਵਿੱਚ ਸਜੇ ਹੋਏ ਦੀਵਾਨਾਂ ਦੇ,
ਫੌਜਾਂ ਦਾ ਆਉਣਾ
ਰਾਹੀਂ ਅਸਮਾਨਾਂ ਦੇ,
ਆਣ ਪੂਰੇ ਰੋਹ ਵਿੱਚ ਲੜਣਾ,
ਆਹੂ ਲਾਹੁਣੇ
ਨਾਲ ਗੁਰੂ ਗੁਰੂ ਪੜ੍ਹਨਾ
ਸੱਤ ਹੈ, ਸੱਤ ਹੈ
ਸਭ ਸੱਤ ਹੈ।
ਭੁਜੰਗੀ ਲੜਾਉਣੇ,
ਚੋਜ ਕਰਾਉਣੇ,
ਬੁੱਧੀਜੀਵੀ ਬਣਾਉਣੇ,
ਅਖੀਰਾਂ ਨੂੰ ਸ਼ਹੀਦ ਕਰਾਉਣੇ,
ਛੋਟਿਆਂ ਫਰਜੰਦਾਂ ਦਾ ਨੀਹਾਂ 'ਚ ਖੜਨਾ,
ਈਨ ਨਾ ਮੰਨਣੀ ਨਾਲੇ ਗੁਰੂ ਗੁਰੂ ਪੜ੍ਹਣਾ
ਸੱਤ ਹੈ, ਸੱਤ ਹੈ
ਸਭ ਸੱਤ ਹੈ।
ਦਸਮ ਦੀ ਲਿਖਣਾ
ਉਹ ਜਾਪੁ ਦਾ ਜਪਣਾ
ਖਾਲਸਈ ਰੰਗ ਦੀ ਰੰਗਤ
ਉਹ ਪੰਜ ਸੀਸਾਂ ਦੀ ਮੰਗਤ
ਪਿਆਰਿਆਂ ਦਾ ਵਾਰੋ ਵਾਰੀ ਖੜ੍ਹਣਾ
ਮਿਲਣਾ ਸਾਹਿਬ ਨੂੰ
ਨਾਲੇ ਗੁਰੂ ਗੁਰੂ ਪੜ੍ਹਣਾ
ਸੱਤ ਹੈ, ਸੱਤ ਹੈ
ਸਭ ਸੱਤ ਹੈ।
ਗਾਥਾ ਪੰਜ ਤੀਰਾਂ ਦੀ,
ਅੱਖਰਾਂ ਨਾਲ ਵੱਜੇ ਚੀਰਾਂ ਦੀ,
ਤੁਰਕਾਂ ਦਾ ਮੁੱਕਰਨਾ,
ਸਭ ਜਫਰਨਾਮੇ 'ਚ ਉੱਕਰਣਾ,
ਰਣਤੱਤੇ ਵਿੱਚ ਸੋਨਤੀਰਾਂ ਦਾ ਵਰ੍ਹਨਾ,
ਸਿਕਾਰਾਂ ਦਾ ਸ਼ਿਕਾਰ ਹੋਣਾ
ਤੇ ਸ਼ੁਕਰਾਨੇ ਕਰਨਾ,
ਬੇਦਾਵੇ ਪੜ੍ਹਵਾਉਣੇ
ਗੁਰੂ ਗੁਰੂ ਪੜ੍ਹਨਾ
ਸੱਤ ਹੈ, ਸੱਤ ਹੈ
ਸਭ ਸੱਤ ਹੈ।
ਵੱਗਦੀਆਂ ਸੀਤਾਂ ਵਿੱਚ,
ਜੁੜੀਆਂ ਪ੍ਰੀਤਾਂ ਵਿੱਚ,
ਬੈਠ ਬਰਫਾਂ ਦੀ ਚੋਟੀ 'ਤੇ,
ਖੁਦ ਨੂੰ ਖੁਦਾਈ ਵਿੱਚ ਮੜ੍ਹਣਾ,
ਮਾਰ ਚੌਂਕੜਾ ਗੁਰਾਂ ਦਾ
ਗੁਰੂ ਗੁਰੂ ਪੜ੍ਹਨਾ,
ਸੱਤ ਹੈ, ਸੱਤ ਹੈ
ਸਭ ਸੱਤ ਹੈ।

## ਚਾਨਣਾਂ ਦਾ ਕਾਫਲਾ

**ਜਸਵੀਰ ਸਿੰਘ**, 8196003236

ਚਾਨਣ ਤੁਰੇ ਹੋਏ ਦਿੱਲੀ ਨੂੰ
ਇਕ ਚੌਰਸਤੇ 'ਤੇ ਠਹਿਰ ਗਏ
ਜਿਸ ਚੌਰਸਤੇ 'ਤੇ ਨ੍ਹੇਰਾ ਸੀ
ਓਥੇ ਸੀਸ ਉਤਾਰ ਕੇ ਧਰ ਦਿੱਤਾ
ਹਰ ਚੌਂਕ ਚਾਂਦਨੀ ਕਰ ਦਿੱਤਾ।
ਚਾਨਣ ਤੁਰੇ ਹੋਏ ਦਿੱਲੀ ਨੂੰ
ਇਕ ਚੌਰਸਤੇ 'ਤੇ ਠਹਿਰ ਗਏ
ਜਿਸ ਚੌਰਸਤੇ 'ਤੇ ਨ੍ਹੇਰਾ ਸੀ
ਓਥੇ ਦੀਵਾ ਅੱਗੇ ਕਰ ਦਿੱਤਾ
ਤੇ 'ਨ੍ਹੇਰਾ 'ਨ੍ਹੇਰਾ ਕਰ ਦਿੱਤਾ!
ਦੀਵਾ ਜੋ ਉਤੋਂ ਚਾਨਣ ਹੈ
ਤੇ ਥੱਲੋਂ 'ਨ੍ਹੇਰਾ 'ਨ੍ਹੇਰਾ ਹੈ
ਉਹ ਚਾਨਣ ਸੰਗ ਵੀ ਖੜ੍ਹਦਾ ਹੈ
ਉਹਦਾ 'ਨ੍ਹੇਰੇ ਵੱਲ ਵੀ ਫੇਰਾ ਹੈ
ਦੀਵਾ ਜੋ ਹਵਾ ਭਰੋਸੇ ਹੈ
ਅਰ ਫਿਕਰ ਹਵਾ ਦੀ ਕਰਦਾ ਹੈ
ਥੋੜੀ ਜਹੀ ਹਿਲਜੁਲ ਹੋਣ 'ਤੇ ਹੀ
ਤਾਕੀਦ ਚਾਨਣ ਨੂੰ ਕਰਦਾ ਹੈ -
"ਮੈਂ ਵੀ ਤਾਂ ਤੇਰੇ ਵੰਨਾਂ ਵਾਂ
ਪਰ ਖਤਰਾ ਏਥੇ ਬਾਹਲਾ ਏ
ਰੰਗਾਂ ਨਾ' ਕੀ ਏ ਫਰਕ ਪੈਂਦਾ
ਮੇਰਾ ਵੀ ਤੇਰੇ ਵਾਲਾ ਏ
ਤੂੰ ਡਟਿਆ ਰਹੁ ਤੂੰ ਬੈਠਾ ਰਹੁ
ਮੈਂ ਨਾਲ ਤੇਰੇ ਈ ਖੜ੍ਹਿਆਂ ਹਾਂ
ਤੇਰੇ ਤੋਂ ਅੱਗੇ ਹੋ ਹੋ ਕੇ
ਮੈਂ 'ਨ੍ਹੇਰੇ ਦੇ ਨਾ' ਲੜਿਆਂ ਹਾਂ
ਤੇਰੇ ਮੈਂ ਦਿਲ ਦੀ ਜਾਣਦਾ ਵਾਂ
'ਨ੍ਹੇਰੇ ਮਨ ਘਾਲਾ-ਮਾਲਾ ਵੇ
ਜਰਾ ਏਧਰ ਆ
ਜਰਾ ਗੱਲ ਤਾਂ ਸੁਣ
ਜਰਾ ਰੰਗੋਂ ਈ ਹੋਜਾ ਕਾਲਾ ਵੇ!"
ਹੁਣ ਚਾਨਣ ਘੁਸਰੀਂ-ਮੁਸਰੀਂ ਏ।
ਚਾਨਣ ਤੁਰੇ ਹੋਏ ਦਿੱਲੀ ਨੂੰ
ਜਿਸ ਚੌਰਸਤੇ 'ਤੇ ਠਹਿਰੇ ਨੇ
ਜਿਸ ਚੌਰਸਤੇ 'ਤੇ ਨ੍ਹੇਰਾ ਏ
ਜਿਥੇ ਕੀਤਾ ਜਾ ਉਤਾਰਾ ਏ
ਓਥੇ ਦੀਵੇ ਧਰ ਕੇ ਸਰਨਾ ਨਹੀਂ
ਓਥੇ ਸੀਸਾਂ ਨਾ' ਛੁਟਕਾਰਾ ਏ

## ਸੁਣ ਦਿੱਲੀਏ

**ਡਾ.ਸੁਖਵੀਰ ਕੌਰ ਸੁਖਨ**
(ਫੋਨ: 7837149550)

ਤੇਰੇ ਕੱਢਣੇ ਨੂੰ ਵਹਿਮ, ਦੇਖ ਹੋ ਕੇ ਆਗੇ ਕਾਇਮ
ਸਾਡੇ ਹੱਕ ਏਥੇ ਰੱਖ ਦਿੱਲੀਏ
ਜਾ ਲੁਕ ਜਾ ਨੀ ਜਿੱਥੇ ਜਾ ਕੇ ਲੁਕਣਾ
ਤੇਰੇ ਕੱਢ ਦੇਣੇ ਵੱਟ ਦਿੱਲੀਏ

ਕਦੇ ਵੰਡ ਸੰਤਾਲੀ, ਕਦੇ ਵੰਡ ਨੀ ਛਿਆਹਟ
ਹੋਰ ਦਿੱਤਾ ਕੀ ਤੂੰ ਦੱਸ ਨੀ ਪੰਜਾਬ ਨੂੰ
ਕਰ ਟੋਟੇ ਟੋਟੇ ਰੱਜ ਹਲੇ ਆਇਆ ਨਾ
ਜਿਹੜਾ ਫੇਰ ਤੂੰ ਉਜਾੜੇ ਨੀ ਪੰਜਾਬ ਨੂੰ
ਹੋਰ ਜਰਨੀਆਂ ਨਹੀਂਓ ਇਹ ਵਧੀਕੀਆਂ
ਬਹੁਤ ਮਾਰ ਚੁੱਕੀ ਸੱਟ ਦਿੱਲੀਏ
ਜਾ ਲੁਕਜਾ ਨੀ............
ਤੇਰੇ ਕੱਢ ਦੇਣੇ...............

ਮਾਂ ਬੋਲੀਆਂ 'ਤੇ ਰੋਜ ਕਰੇ ਹਮਲੇ
ਮਤਰੇਈ ਵਾਲਾ ਕਰਦੀ ਸਲੂਕ ਨੀ
ਹੁਣ ਖੇਤਾਂ ਨੂੰ ਵੀ ਚਾਹੇਂ ਤੂੰ ਖਰੀਦਣਾ
ਤਾਂਹੀ ਸੁਣਦੀ ਨਾ ਤੈਨੂੰ ਸਾਡੀ ਹੂਕ ਨੀ
ਹੁੰਦੇ ਸੌਖੇ ਨਹੀਂਓਂ ਏਨੀ ਛੇਤੀ ਭਰਨੇ
ਡੂੰਘੇ ਵੱਜਦੇ ਜੋ ਫੱਟ ਦਿੱਲੀਏ
ਜਾ ਲੁਕਜਾ ਨੀ..............
ਤੇਰੇ ਕੱਢ ਦੇਣੇ................

ਜਾਤਾਂ ਧਰਮਾਂ ਦੇ ਨਾਂ 'ਤੇ ਸਾਡੇ ਘਰੀਂ ਅੱਗਾਂ ਲਾਕੇ
ਨੀਰੋ ਕੱਢਦਾ ਕੁਲਹਿਣਾ ਜਿਹਾ ਰਾਗ ਨੀ
ਸਾਨੂੰ ਨਹੀਂ ਮਨਜੂਰ ਤੇਰੇ ਕਾਲੇ ਇਹ ਕਾਨੂੰਨ
ਕਰੇ ਧੱਕਾ ਏਨਾ ਕਿਥੋਂ ਦਾ ਰਿਵਾਜ ਨੀ
ਤੂੰ ਕੀ ਰੱਖੇਂਗੀ ਨੀ ਯਾਦ ਤੈਨੂੰ ਦੱਸਣਾ
ਕਿਵੇਂ ਥੁੱਕ ਹੁੰਦਾ ਚੱਟ ਦਿੱਲੀਏ
ਜਾ ਲੁਕਜਾ ਨੀ...............
ਤੇਰੇ ਕੱਢ ਦੇਣੇ................

ਕੱਠੀ ਹੋ ਗਈ ਲੋਕਾਈ ਸਭ ਬਣੇ ਭਾਈ ਭਾਈ
ਕੀ ਬੁੱਢਾ,ਮਾਈ, ਬੱਚਾ ਤੇ ਜਵਾਨ ਨੀ
ਲੋਕ ਹੋ ਗਏ ਪ੍ਰੇਸ਼ਾਨ ਡਾਹਢਾ ਕੀਤਾ ਨੁਕਸਾਨ
ਕਿੰਝ ਆਖਾਂ ਮੇਰਾ ਭਾਰਤ ਮਹਾਨ ਨੀ
ਨੀ ਤੂੰ ਸਭ ਨੂੰ ਸਤਾਵੇਂ ਹੰਝੂ ਖੂਨ ਦੇ ਰੁਆਵੇਂ
ਦਿਖਾਵੇਂ ਫੋਕੀ ਅਪਣੱਤ ਦਿੱਲੀਏ
ਜਾ ਲੁਕਜਾ ਨੀ..................
ਤੇਰੇ ਕੱਢ ਦੇਣੇ..................

ਮੁਰਗੀ ਤੂੰ ਸਾਡੀ ਤੈਨੂੰ ਪਾਲਦੇ ਹਾਂ ਅਸੀਂ
ਜਾਕੇ ਗੈਰਾਂ ਘਰੇ ਦਿੰਨੀ ਏ ਤੂੰ ਆਂਡੇ ਨੀ
ਤੇਰੀ ਧੋਖੇਬਾਜੀ ਅਸੀਂ ਚੱਲਣ ਨੀ ਦੇਣੀ
ਹੁਣ ਅੱਡ ਕਰ ਦੇਣੇ ਤੇਰੇ ਭਾਂਡੇ ਨੀ
ਤੇਰੇ ਤਖਤ ਮੁਨਾਰੇ , ਸਭ ਲੋਕਾਂ ਦੇ ਸਹਾਰੇ
ਦੇਣੇ ਲੋਕਾਂ ਨੇ ਹੀ ਪੱਟ ਦਿੱਲੀਏ
ਜਾ ਲੁਕਜਾ ਨੀ ਜਿੱਥੇ ਜਾਕੇ ਲੁਕਣਾ
ਤੇਰੇ ਕੱਢ ਦੇਣੇ ਵੱਟ ਦਿੱਲੀਏ।

# ‘ਸਰਕਾਰ ਦਾ ਹੱਥ ਹੁਣ ਵੇਲਣੇ ਵਿਚ ਆ ਚੁੱਕਾ ਹੈ’

## ਕਿਸਾਨ ਸੰਘਰਸ਼ ਦੀ ਸਾਰੀ ਵਾਗਡੋਰ ਹੁਣ ਲੋਕਾਂ ਦੇ ਹੱਥ: ਬੀਰ ਸਿੰਘ

*(ਪ੍ਰਸਿੱਧ ਗੀਤਕਾਰ ਤੇ ਗਾਇਕ ਬੀਰ ਸਿੰਘ ਦੀ ‘ਪ੍ਰੋ ਪੰਜਾਬ ਟੀ ਵੀ’ ਦੇ ਨੁਮਾਇੰਦੇ ਬਿਕਰਮ ਸਿੰਘ ਨਾਲ ਹੋਈ ਗੱਲਬਾਤ ਚੋਂ ਚੋਣਵੇਂ ਅੰਸ਼)*

***ਸੰਘਰਸ਼ ਹੁਣ ਕਿੱਥੇ ਪਹੁੰਚ ਚੁੱਕਾ ਹੈ ?***

ਸਮੂਹਿਕ ਚੇਤਨਾ ਵਿਚ ਹੁਣ ਇਹ ਗੱਲ ਆ ਗਈ ਹੈ ਕਿ ਸਾਡੀ ਊਰਜਾ ਦਾ ਹਰ ਕਣ, ਹਰ ਸਾਹ ਇਸ ਅੰਦੋਲਨ ਦੇ ਲੇਖੇ ਲੱਗਣਾ ਚਾਹੀਦਾ ਹੈ। ਸ਼ੁਰੂਆਤੀ ਦੌਰ ਵਿਚ ਜਿਹੜੇ ਮਾੜੇ ਮੋਟੇ ਆਪਸੀ ਵੈਰ ਵਿਰੋਧ ਮੱਤਭੇਦ ਲਗਦੇ ਸਨ ਉਹ ਵਕਤ ਨਾਲ ਖ਼ਤਮ ਹੋ ਗਏ ਹਨ। ਗੱਲ ਏਥੇ ਪਹੁੰਚ ਚੁੱਕੀ ਹੈ ਕਿ ਜੇ ਕੋਈ ਮੁੱਖ ਧਾਰਾ ਨਾਲੋਂ ਵੱਖਰੀ ਸੁਰ ਅਲਾਪਣ ਦਾ ਯਤਨ ਕਰਦਾ ਹੈ ਤਾਂ ਉਸ ਦਾ ਅੰਦਰੋਂ ਹੀ ਵਿਰੋਧ ਹੋ ਜਾਂਦਾ ਹੈ। ਏਕਤਾ ਨੂੰ ਢਾਹ ਲਾਉਣ ਵਾਲੀ ਕੋਈ ਵੀ ਗੱਲ ਸਵੀਕਾਰੀ ਨਹੀਂ ਜਾ ਰਹੀ। ਕਿਸਾਨ ਸੰਘਰਸ਼ ਦੀ ਸਾਰੀ ਵਾਗਡੋਰ ਹੁਣ ਲੋਕਾਂ ਦੇ ਹੱਥ ਵਿਚ ਹੈ, ਉਹੀ ਫੈਸਲਾ ਕਰਦੇ ਹਨ ਕਿ ਕਿਸ ਨੂੰ ਬੋਲਣ ਦੇਣਾ ਹੈ ਕਿ ਨਹੀਂ। ਹੁਣ ਸ਼ਕਤੀ ਕਿਸੇ ਆਗੂ ਦੇ ਹੱਥ ਵਿਚ ਨਹੀਂ ਰਹਿ ਗਈ। ਲੋਕ ਆਪਣੇ ਤਜਰਬੇ ਵਿਚੋਂ ਸਿਆਣੇ ਹੋਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਸੁਆਲ ਕਰਨੇ ਸ਼ੁਰੂ ਕਰ ਦਿੱਤੇ ਹਨ। ਲੋਕਾਂ ਦੇ ਪ੍ਰਭਾਵ ਥੱਲੇ ਜਥੇਬੰਦੀਆਂ ਨੂੰ ਇਕ ਝੰਡੇ ਥੱਲੇ ਇਕੱਠੇ ਹੋਣਾ ਪੈ ਗਿਆ ਹੈ। ਗੀਤਕਾਰ ਕਲਾਕਾਰ ਭਾਈਚਾਰਾ ਪਹਿਲੇ ਦਿਨੋਂ ਹੀ ਕਿਸਾਨ ਮੋਰਚੇ ਨਾਲ ਜੁੜ ਗਿਆ ਤੇ ਜਿਹੜੇ ਨਹੀਂ ਜੁੜੇ ਸਨ ਉਹ ਘੋਲ ਦੇ ਦਬਾਅ ਥੱਲੇ ਅੰਦੋਲਨ ਵੱਲ ਨੂੰ ਮੋੜਾ ਕੱਟ ਗਏ। ਖੁਸ਼ੀ ਵਾਲੀ ਨਿੱਗਰ ਪ੍ਰਾਪਤੀ ਇਹ ਹੋਈ ਹੈ ਕਿ ਗੀਤਾਂ ਦੀ ਤਾਸੀਰ ਹੀ ਬਦਲ ਗਈ ਹੈ। ਪੁਰਾਣੇ ਹਥਿਆਰਾਂ ਤੇ ਨਸ਼ਿਆਂ ਦੀ ਮਹਿਮਾਂ ਵਾਲੇ ਗੀਤਾਂ ਨੂੰ ਲਾਹਨਤਾਂ ਪੈਣ ਗੱਲ ਪਈਆਂ ਹਨ। ਹੁਣ



ਜ਼ਿਆਦਾਤਰ ਗਾਣੇ ਕਿਸਾਨ ਸੰਘਰਸ਼ ਨੂੰ ਸਮਰਪਤ ਆ ਰਹੇ ਤੇ ਪਰਵਾਨ ਹੋ ਰਹੇ ਹਨ। ਇਸ ਤੋਂ ਇਲਾਵਾ ਬਾਕੀ ਗੀਤਾਂ ਦੀ ਤਰਜ਼ ਵੀ ਬਦਲ ਗਈ ਹੈ।

***ਪੰਜਾਬ ਦੀ ਸਿਆਸਤ ਵਿਚ ਵੀ ਕੋਈ ਬਦਲਾਅ ਆਇਆ ਹੈ ?***

ਯਕੀਨਨ, ਰਾਜਨੀਤਕ ਪਾਰਟੀ ਭਾਵੇਂ ਕੋਈ ਵੀ ਹੋਵੇ ਉਨ੍ਹਾਂ ਨੂੰ ਚਲਾਉਣ ਵਾਲਿਆਂ ਦੇ ਚਿਹਰੇ ਲੋਕਾਂ ਸਾਹਮਣੇ ਨੰਗੇ ਹੋ ਗਏ ਹਨ। ਸਰਕਾਰਾਂ ਦਾ ਜਮਹੂਰੀ ਢਾਂਚਾ ਤਹਿਸ ਨਹਿਸ਼ ਹੋ ਚੁੱਕਾ ਸੀ ਤੇ ਓਹਨਾਂ ਵਿਚੋਂ ਲੋਕ ਭਲਾਈ ਦਾ ਤੱਤ ਗ਼ਾਇਬ ਸੀ। ਲੋਕਾਂ ਨੇ ਇਕੱਠੇ ਹੋ ਕੇ ਸਰਕਾਰਾਂ ਨੂੰ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ ਹਨ। ਇਸ ਚੋਂ ਸਪਸ਼ਟ ਹੋ ਗਿਆ ਹੈ ਕਿ ਸਰਕਾਰਾਂ ਦਾ ਦਬ ਦਬਾਅ ਪਹਿਲਾਂ ਵਾਂਗੂੰ ਨਹੀਂ ਚੱਲਣਾ। ਮੈਨੂੰ ਇਹ ਗੱਲ ਮੰਨਣੀ ਬਹੁਤ ਔਖੀ ਲੱਗ ਰਹੀ ਹੈ ਕਿ ਕੋਈ ਰਾਜਨੇਤਾ ਕਸ਼ਮੀਰ, ਸ਼ਹੀਨ ਬਾਗ਼ ਤੇ ਕਿਸਾਨ ਅੰਦੋਲਨ ਵਿਚ ਚਲੀਆਂ ਗਈਆਂ ਜਾਨਾਂ ਦੇ ਬੋਝ ਹੇਠ ਕਿਵੇਂ ਚੈਨ ਦੀ ਨੀਂਦ ਸੌਂ ਸਕਦਾ ਹੈ ? ਏਨੇ ਘਿਨਾਉਣੇ ਗ਼ੁਨਾਹ ਕਰਨ ਤੋਂ ਬਾਅਦ ਇਹ ਸਰਕਾਰ ਉਤੋਂ ਅੜੀਅਲ ਵਤੀਰਾ ਅਪਣਾਈ ਬੈਠੀ ਹੈ। ਇਹ ਲੋਕਾਂ ਦੇ ਹੱਕ ਵੀ ਖੋਹ ਰਹੀ ਹੈ ਤੇ ਜਾਨਾਂ ਵੀ ਖੋਹ ਰਹੀ ਹੈ। ਮੌਜੂਦਾ ਸਰਕਾਰਾਂ ਦਾ ਢਾਂਚਾ ਛੋਟੇ ਜਿਹੇ ਅਮੀਰ ਤਬਕੇ ਦੇ ਹੱਕ ਵਿਚ ਹੀ ਭੁਗਤਦਾ ਹੈ, ਜਨਸਮੂੰਹ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਹ ਖੇਡ ਹੁਣ ਲੰਮਾ ਸਮਾਂ ਨਹੀਂ ਚੱਲ ਸਕਣੀ। ਸਰਕਾਰ ਦਾ ਹੱਥ ਹੁਣ ਵੇਲਣੇ ਵਿਚ ਆ ਚੁੱਕਾ ਹੈ....

**ਪੇਸ਼ਕਸ਼ : ਇੰਦਰਜੀਤ**

***ਮੋਰਚੇ ‘ਚ ਆ ਕੇ ਤੁਸੀਂ ਕੁਸ਼ ਨਵਾਂ ਰਚਿਆ ਹੈ ?***

ਮੋਰਚੇ ‘ਚ ਆ ਕੇ ਏਨੇ ਨਵੇਂ ਜਜ਼ਬਾਤੀ ਤਜਰਬੇ ਹੋਏ ਹਨ ਕਿ ਉਨ੍ਹਾਂ ਨੂੰ ਕਲਮਬੰਦ ਨਹੀਂ ਕਰ ਸਕਿਆ। ਜਿਵੇਂ ਸਵੇਰੇ ਇਕ ਪਟਿਆਲੇ ਦੇ ਮਾਤਾ ਜੀ ਮਿਲੇ। ਜਦੋਂ ਮੈਂ ਉਨ੍ਹਾਂ ਦੀ ਟਰਾਲੀ ਕੋਲੋਂ ਦੀ ਲੰਘ ਰਿਹਾ ਸਾਂ ਤਾਂ ਉਨ੍ਹਾਂ ਨੇ ਮੇਰਾ ਗੁੱਟ ਫੜ ਲਿਆ ਤੇ ਮੈਨੂੰ ਗਲ ਨਾਲ ਲਾ ਕੇ ਨਾਲੇ ਆਪ ਰੋਏ ਤੇ ਨਾਲੇ ਮੈਨੂੰ ਰੁਆਇਆ। ਕਹਿੰਦੇ ਮੇਰਾ ਤੇਰੇ ਵਰਗਾ ਪੁੱਤ ਹੋਣਾ ਚਾਹੀਦਾ ਸੀ। ਮੈਂ ਅੱਗੋਂ ਕਿਹਾ ਮੈਂ ਤੁਹਾਡਾ ਪੁੱਤ ਹੀ ਤਾਂ ਹਾਂ। ਮਾਤਾ ਕਹਿੰਦੀ ਪਰ ਢਿੱਡੋਂ ਜਾਇਆ ਤਾਂ ਨਹੀਂ ਨਾ। ਮੈਂ ਕਿਹਾ ਕਿ ਨਹੀਂ ਤੂੰ ਮੈਨੂੰ ਆਪਣਾ ਪੁੱਤ ਹੀ ਸਮਝ। ਫਿਰ ਮਾਤਾ ਨੇ ਇਕ ਪੁਰਾਣਾ ਜਿਹਾ ਲਿਫਾਫਾ ਖੋਲ੍ਹ ਕੇ ਸੌ ਰੁਪਿਆ ਮੇਰੇ ਹੱਥ ‘ਤੇ ਧਰਿਆ। ਮੈਂ ਬਥੇਰਾ ਮਨ੍ਹਾਂ ਕੀਤਾ, ਪੈਸੇ ਮੇਰੇ ਕੋਲ ਹੈਗੇ ਆ ਮੈਨੂੰ ਚਾਹੀਦੇ ਨਹੀਂ। ਮਾਤਾ ਨੂੰ ਲੱਗਿਆ ਕਿ ਪੈਸੇ ਸ਼ਾਇਦ ਥੋੜ੍ਹੇ ਹਨ। ਮੈਂ ਕਿਹਾ ਮਾਏ ਜਿੰਨ੍ਹਾਂ ਵੱਡਾ ਕਰਜ਼ਾ ਮੇਰੇ ਸਿਰ ਚਾੜ੍ਹਨ ਲੱਗੀ ਹੈਂ, ਇਹ ਤਾਂ ਮੈਂ ਸਾਰੀ ਉਮਰ ਨਹੀਂ ਲਾਹ ਸਕਦਾ। ਇਹ ਸੌ ਨਹੀਂ, ਇਹ ਤਾਂ ਲੱਖਾਂ ਕਰੋੜਾਂ ਤੋਂ ਉਪਰ ਨੇ। ਫਿਰ ਉਹ ਮੈਨੂੰ ਭਰੀਆਂ ਅੱਖਾਂ ਨਾਲ ਪੁੱਛਣ ਲੱਗੇ ਕਿ ਹੋਰ ਕਿੰਨਾਂ ਕੁ ਚਿਰ ਅਸੀਂ ਏਥੇ ਬੈਠੇ ਰਹਾਂਗੇ। ਉਸ ਨੇ ਅਗਲੇ ਦਿਨ ਘਰ (ਪਟਿਆਲੇ) ਮੁੜਨਾ ਸੀ ਪਰ ਸਿਰੜ ਏਨਾ ਕਿ ਉਸ ਦਾ ਘਰ ਜਾਣ ਨੂੰ ਜੀਅ ਨਹੀਂ ਸੀ ਕਰਦਾ। ਇਹੋ ਜਿਹੇ ਸੁੱਚੇ ਪਿਆਰ ਦਾ ਅਨੁਭਵ ਅਜੇ ਗੀਤਾਂ ਵਿਚ ਬੱਝ ਨਹੀਂ ਰਿਹਾ।

***ਤੁਸੀਂ ਮਸਲੇ ਦਾ ਹੱਲ ਕੀ ਸਮਝਦੇ ਹੋ ?***

ਸਰਕਾਰ ਨੂੰ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਬਿਲ ਵਾਪਸ ਲੈ ਲੈਣੇ ਚਾਹੀਦੇ ਹਨ। ਜਦੋਂ ਕਿਸਾਨ ਹੀ ਇਨ੍ਹਾਂ ਨੂੰ ਆਪਣੇ ਹਿਤ ਵਿਚ ਨਹੀਂ ਸਮਝਦੇ। ਪਰ ਸਰਕਾਰ ਵੀ ਫਸੀ ਨਜ਼ਰ ਆ ਰਹੀ ਹੈ। ਜੇਕਰ ਅੱਜ ਇਹ ਕਾਨੂੰਨ ਵਾਪਸ ਲੈ ਲੈਂਦੀ ਹੈ ਤਾਂ ਸੀ ਏ ਏ ਦਾ ਕੀ ਬਣੂੰਗਾ। ਕਸ਼ਮੀਰ ਦੀ ਧਾਰਾ 370 ਦਾ ਕੀ ਹੋਵੇਗਾ। ਜੀ ਐਸ ਟੀ ਤੇ ਨੋਟਬੰਦੀ ਦਾ ਵੀ ਕੁਛ ਕਰਨਾ ਪਊ। ਓਹਨਾਂ ਪਾਪ ਹੀ ਏਨੇ ਕੀਤੇ ਹਨ ਕਿ ਗੰਗਾ ਨਹਾਉਣਾ ਔਖਾ ਹੋ ਗਿਆ ਹੈ। ਪਰ ਅੱਜ ਨਹੀਂ ਤਾਂ ਕੱਲ੍ਹ, ਗੰਗਾ ਨਹਾਉਣਾ ਜ਼ਰੂਰ ਪੈਣਾ ਹੈ। ਇਸ ਕਿਸਾਨ ਅੰਦੋਲਨ ਰਾਹੀਂ ਨਵੀਂ ਕਰਾਂਤੀ ਜਨਮੀ ਹੈ। ਉਹ ਪੀੜ੍ਹੀ ਦਰ ਪੀੜ੍ਹੀ ਅੱਗੇ ਵਧੇਗੀ। ਸਾਡਾ ਭਵਿੱਖ ਬਹੁਤ ਰੋਸ਼ਨ ਹੈ। ਮੋਰਚੇ ਤੋਂ ਸਿਖਿਅਤ ਹੋ ਕੇ ਮੁੜਿਆ ਬੰਦਾ ਜਿੱਥੇ ਵੀ ਨਾਇਨਸਾਫ਼ੀ ਦਿਖੇਗੀ, ਉਹ ਉਥੇ ਸੁਆਲ ਕਰੇਗਾ। ਭਾਰਤ ਦੇ ਵੱਖ ਵੱਖ ਸੂਬਿਆਂ ਦੇ ਲੋਕਾਂ ਕਿਸਾਨਾਂ ਨੂੰ ਮਿਲ ਕੇ ਮੇਰਾ ਦ੍ਰਿਸ਼ਟੀਕੋਣ ਵਿਸ਼ਾਲ ਹੋਇਆ ਹੈ......

# ਫਰੰਗੀਆਂ ਨੇ ਵੀ ਦੇਤਾ ਜਵਾਬ





**ਹਰਦੀਪ ਜੱਟਾਣਾ**

ਲੈ ਭਾਈ ਫਰੰਗੀਆਂ ਨੇ ਵੀ ਦੇਤਾ ਮਹਿਮਾਨ ਬਣਨ ਤੋਂ ਚਿੱਟਾ ਜਵਾਬ !

ਸੱਥ ’ਚ ਬੈਠਾ ਚਾਦਰਾ ਠੀਕ ਕਰਦਾ ਬਾਬਾ ਬਿਸਨਾ ਆਂਹਦਾ, ‘ਲੈ ਭਾਈ ਬਿੱਕਰ ਸਿਆਂ ਤੇਰੇ ਦਾਦੇ ਦੇ ਫੌਜੀ ਹੁੰਦਿਆਂ ਪੂਰੇ ਭਾਰਤ ਦੇ ਦੁਸਮਣ ਰਹੇ ਫਰੰਗੀਆਂ ਨੇ ਵੀ ਮੋਦੀ ਹੋਰਾਂ ਦਾ ਸੱਦਾ ਠੁਕਰਾ ਦਿੱਤਾ ਹੈ। ਕੀ ਗੱਲ ਹੋ ਗਈ ਬਿੱਕਰਾ ਅੰਗਰੇਜ ਛੜ ਕਿਉਂ ਮਾਰ ਗਏ ?’

ਛਟੀਆਂ ਨਾਲ ਮਘਦੀ ਧੂੰਈ ’ਤੇ ਦੋ ਕੁ ਡੱਕੇ ਸੁੱਟਦਿਆਂ ਬਿੱਕਰ ਨੇ ਜਵਾਬ ਦਿੱਤਾ, ‘ਬਿਸਨਿਆ ਘਸੁੰਨ ਨੇੜੇ ਐ ਕੇ ਰੱਬ, ਦੱਸਣ ਵਾਲੇ ਦੱਸਦੇ ਨੇ ਫਰੰਗੀਆਂ ਦੀਆਂ ਖੂਫੀਆ ਏਜੰਸੀਆਂ ਨੇ ਇੰਗਲੈਂਡ ਵਾਲੇ ਰਾਜੇ ਦੇ ਕੰਨ ’ਚ ਫੂਕ ਮਾਰ ਦਿੱਤੀ ਅਖੇ ‘ਤੈਂ ਬਲਦੀ ਅੱਗ ’ਚ ਛਾਲ ਮਾਰ ਕੇ ਟਿੰਢੀਆਂ ਲੈਣੀਆਂ ?’

ਉਹ ਤਾਂ ਹੋਰ ਵੀ ਆਂਹਦੇ, ‘ਪਹਿਲਾਂ ਆਪਣੇ ਆਲੇ ਵੱਡ ਵਡੇਰਿਆਂ ਦੀ ਪਦੀੜ ਪਾਉਂਣ ’ਚ ਵੀ ਇਹੀ ਪੰਜਾਬੀ ਅੱਗੇ ਸੀ।’

‘ਫਿਰ ਦੌਰਾ ਰੱਦ ਕਰਨ ਲਈ ਬਹਾਨਾ ਕੀ ਘੜਿਆ ਹੋਊ ਵੀ ਬੋਰਸ ਨੇ ? ਬਾਬੇ ਬਿਸਨੇ ਨੇ ਮੁੜ ਸਵਾਲ ਦਾਗਿਆ !

ਬਿੱਕਰ ਆਹਦਾ, ‘ਲੰਡਨ ਆਲਾ ਰਾਜਾ ਸੱਜੇ ਹੱਥ ਦੀ ਮੂਠੀ ਬਣਾ ਕੇ ਦੋ ਚਾਰ ਵਾਰ ਖੰਘਿਆ ਹੋਊ ਤੇ ਕੋਲ ਖੜ੍ਹਿਆਂ ਨੇ ਕਰੋਨਾ ਦੀ ਗੱਲ ਉਡਾ ਤੀ ਹੋਣੀ ਐ। ਹੁਣ ਤੂੰ ਇਹ ਸੋਚ ਮੋਦੀ ਦੇ ਗੱਪ ਸੁਣਨ ਲਈ ਹੋਰ ਕਿਹੜਾ ਮਹਿਮਾਨ ਲੱਭਣਗੇ ਅਗਲੇ ?’

ਬਿਸਨੇ ਨੇ ਟਿੱਚਰੀ ਅੰਦਾਜ ’ਚ ਕਿਹਾ, ‘ਮਰੀਕਾ ਆਲੇ ਬਾਂਦਰ (ਟਰੰਪ) ਨੂੰ ਸੱਦ ਲੈਣ ਜੇ ਬਾਹਲੀ ਟੌਹਰ ਬਣਾਉਂਣੀ ਐ।’

ਬਿੱਕਰ ਆਂਹਦਾ, ‘ਬਿਸਨਿਆ ਹੁਣ ਤਾਂ ਟਰੰਪ ਨੇ ਵੀ ਨਹੀਂ ਮੰਨਣਾ , ਮੈਨੂੰ ਲੱਗਦੈ ਉਹ ਵੀ ਇਨ੍ਹਾਂ ਦੀ ........।’

‘ਬਿੱਕਰਾ, ਬੇਸਰਮੀ ਧਾਰ ਕੇ ਕਹੀਂ ਤਾਂ ਜੋ ਮਰਜੀ ਜਾਣ ਪਰ ਮੋਦੀ ਹੋਰਾਂ ਨਾਲ ਭੈੜੀ ਜੰਨ ਨਾ ਢੁੱਕਣ ਵਾਲਿਆਂ ਵਰਗੀ ਹੋ ਗਈ ਓਏ ਜਦੋਂ ਮੁੱਖ ਮਹਿਮਾਨ ਹੀ ਕੰਡ ਕਰ ਜਾਵੇ ਫਿਰ ਕੜਾਹੀ ਚੜ੍ਹਾਉਂਣ ਦਾ ਕੀ ਲਾਭ ?’ ਹੇਠਾਂ ਵਿਛਾਇਆ ਪਰਨਾ ਝਾੜਦਿਆਂ ਬਿਸਨਾ ਘਰ ਵੱਲ ਤੁਰ ਪਿਆ।



*ਕੋਈ ਕੋਈ ਰੱਖਦੈ ਐਡਾ ਜੇਰਾ, ਮਾਨਸਾ ਜਿਲੇ ਦਾ ਜਤਿੰਦਰ ਹਾਦਸੇ ਦਾ ਸਿਕਾਰ ਹੋਕੇ ਮੋਰਚੇ ਨੂੰ ਸਮਰਪਿਤ ਹੋ ਗਿਆ ਤਾਂ ਬਜੁਰਗ ਪਿਤਾ ਪਹੁੰਚ ਗਏ, ਪੁੱਤ ਦੀ ਗੈਰਹਾਜਰੀ ਪੂਰਨ ਲਈ..ਸਿਦਕ ਨੂੰ ਸਲਾਮ !!!*



*ਮਾਨਸਾ ਜਿਲ੍ਹੇ ਤੋਂ ਬੇਬੇ ਗੁਰਮੇਲ ਕੌਰ ਦਾ ਮਨ ਭਰ ਆਇਆ... 75 ਸਾਲ ਦੀ ਬੇਬੇ ਕਹਿੰਦੀ ਪਤਾ ਨਹੀਂ ਕੀ ਬਣੂ ਕਹਿੰਦੀ ਜਵਾਕ ਨਾਲ ਨਹੀਂ ਸੀ ਲੈ ਕੇ ਆਉਂਦੇ, ਮਸਾਂ ਚਿੰਬੜ ਕੇ ਆਈ ਆਂ, ਜੇ ਕੁਸ ਹੋਊ ਉਹਨਾਂ ਤੋਂ ਪਹਿਲਾਂ ਮੈਂ ਮਰੂੰ...ਮਸਲਾ ਹੱਲ ਹੋਵੇ ਤੇ ਸਾਡੇ ਬਜੁਰਗ ਘਰ ਜਾਣ, ਲੋਕਾਂ ਨੂੰ ਮੇਲਾ ਲੱਗ ਸਕਦਾ ਪਰ ਬਹੁਤ ਔਖਾ ਘਰ ਛੱਡ ਕੇ ਸੜਕ ’ਤੇ ਰਹਿਣਾ.. ਰਾਵੀ ਸਿੱਧੂ*

# ਕਾਨੂੰਨ ਠੀਕ ਨੇ ਤਾਂ ਬਦਲਾਅ ਲਈ ਹੁੰਗਾਰਾ ਕਿਉਂ, ਜੇ ਗਲਤ ਹਨ ਤਾਂ ਅੜੀ ਕਿਉਂ

## *ਸ਼ਾਂਤਮਈ ਬੰਦਿਆਂ ਨੂੰ 'ਅਤਿਵਾਦੀ' 'ਖਾਲਿਸਤਾਨੀ' 'ਨਕਸਲੀ' ਆਖਣਾ ਗੁਨਾਹ ਹੈ- ਸੇਵਕ ਸਿੰਘ*

**ਇੰਦਰਪ੍ਰੀਤ ਸਿੰਘ**
(ਫੋਨ: 94633 51000)

***ਕਿਰਸਾਨੀ ਘੋਲ ਪੰਜਾਬ ਖਾਸਕਰ ਸਿੱਖ ਜੀਵਨ ਜਾਚ ਦਾ ਇਸ ਵੇਲੇ ਕੇਂਦਰੀ ਧੁਰਾ ਬਣ ਗਿਆ ਹੈ। ਇੱਕ ਦੂਜੇ ਨਾਲ ਆਮ ਗੱਲ ਕਰਦਿਆਂ ਵੀ ਗੱਲ ਇਸ ਮਸਲੇ ਤੋਂ ਸ਼ੁਰੂ ਹੋ ਕੇ ਇਸੇ ਮਸਲੇ ਤੇ ਮੁੱਕ ਜਾਂਦੀ ਹੈ। ਪੰਜਾਬ ਅਤੇ ਕਿਸਾਨੀ ਮਸਲੇ ਬਾਰੇ ਡੂੰਘੀ ਪਕੜ ਰੱਖਣ ਵਾਲੇ ਡਾ. ਸੇਵਕ ਸਿੰਘ ਹੋਰਾਂ ਨਾਲ ਹਾਲ ਵਿੱਚ ਹੀ ਹੋਈ ਗੱਲਬਾਤ ਦੌਰਾਨ ਸਰਕਾਰ ਅਤੇ ਕਿਸਾਨਾਂ ਵਿਚਕਾਰ ਚਲ ਰਹੀਆਂ ਮੀਟਿੰਗਾਂ ਨਾਲ ਜੁੜੇ ਅਹਿਮ ਪੱਖਾਂ ਬਾਰੇ ਭਰਵੀਂ ਚਰਚਾ ਹੋਈ।***
***ਪੇਸ਼ ਹਨ ਉਨ੍ਹਾਂ ਵਲੋਂ ਉਭਾਰੇ ਕੁੱਝ ਅਹਿਮ ਪੱਖ :***



ਸੇਵਕ ਸਿੰਘ (ਡਾ.)

### ਦੋ ਮੁੱਢਲੇ ਨੁਕਤੇ

ਕਿਰਸਾਨ ਕੀ ਹੁੰਦਾ ਹੈ, ਛੋਟਾ ਵਪਾਰੀ ਕੀ ਹੁੰਦਾ ਹੈ, ਵੱਡਾ ਵਪਾਰਕ ਘਰਾਣਾ ਕਿਹਨੂੰ ਕਹਿੰਦੇ ਹਨ ਤੇ ਆਮ ਬੰਦਾ ਕੌਣ ਹੁੰਦਾ ਹੈ? ਇਹਦੀ ਪਰਭਾਸ਼ਾ ਕੀ ਹੈ ਤੇ ਹੁਣ ਇਸ ਮੌਜੂਦਾ ਘੋਲ ਵਿੱਚ ਇਨ੍ਹਾਂ ਸਾਰਿਆਂ ਨੂੰ ਪਰਭਾਸ਼ਤ ਕੀਤਾ ਕਿਵੇਂ ਜਾ ਰਿਹਾ ਹੈ ਇਹ ਮੂਲ ਨੁਕਤਾ ਹੈ।

ਖੇਤੀ ਦੀ ਤੇ ਵਪਾਰ ਦੀ ਵਿਆਖਿਆ ਕਿਵੇਂ ਕੀਤੀ ਜਾ ਰਹੀ ਹੈ? ਮਨਸ਼ਾ ਕੀ ਹੈ? ਇਨ੍ਹਾਂ ਕਾਨੂੰਨਾਂ ਰਾਹੀਂ ਆਮਦਨ ਵਿਚ ਵਾਧਾ ਕਰਨਾ ਚਾਹੁੰਦੇ ਹਨ? ਖੇਤੀ ਦਾ ਢਾਂਚਾ ਬਦਲਣਾ ਚਾਹੁੰਦੇ ਹਨ? ਜਾਂ ਤਰੱਕੀ ਕਰਨਾ ਚਾਹੁੰਦੇ ਹਨ? ਇਸੇ ਗੱਲ ਵਿਚ ਏਸ ਅੜਾਓਣੀ ਦੀ ਜੜ੍ਹ ਪਈ ਹੈ। ਉਦਾਹਰਣ ਨਾਲ ਗੱਲ ਸਪਸ਼ਟ ਹੋ ਜਾਵੇਗੀ। ਪ੍ਰਧਾਨ ਮੰਤਰੀ ਅਨਾਜ ਦੀ ਗੱਲ ਕਰਦਾ ਉਦਾਹਰਣ ਦੁੱਧ ਅਤੇ ਆਂਡਿਆਂ ਦੀ ਦੇ ਰਿਹਾ ਹੈ। ਦੋਹਾਂ ਵਿੱਚ ਅੰਬ ਤੇ ਔਲੇ ਜਿੰਨਾ ਫਰਕ ਹੈ। ਦੁੱਧ ਆਂਡੇ ਕੁਝ ਦਿਨਾਂ ਬਾਅਦ ਗਲ ਸੜ ਜਾਂਦੇ ਹਨ ਤੇ ਅਨਾਜ ਸਾਲਾਂ ਬੱਧੀ ਸਾਂਭ ਕੇ ਰੱਖ ਕੇ ਵਰਤਿਆ ਜਾ ਸਕਦਾ ਹੈ।

ਇਹਦੇ ਤੋਂ ਵੀ ਅਗਲੀ ਗੱਲ ਇਹ ਹੈ ਕਿ ਅਨਾਜ ਮੁੱਢਲੀ ਲੋੜ ਹੈ ਜਿਹਦੇ ਬਿਨਾਂ ਜੀਵਿਆ ਨਹੀਂ ਜਾ ਸਕਦਾ ਜਦ ਕਿ ਦੁੱਧ ਤੇ ਆਂਡੇ ਮੁੱਢਲੀਆਂ ਲੋੜਾਂ ਨਹੀਂ ਹਨ। ਦੁੱਧ ਆਂਡੇ ਬਿਨਾਂ ਜੀਵਿਆ ਜਾ ਸਕਦਾ ਹੈ ਬਹੁਤ ਲੋਕ ਜੀਅ ਰਹੇ ਹਨ। ਮੁੱਢਲੀ ਲੋੜ ਪਿੱਛੇ ਧੱਕ ਕੇ ਵਾਧੂ ਲੋੜ ਦੇ ਹਵਾਲੇ ਨਾਲ ਗੱਲ ਸਮਝਾਈ ਜਾ ਰਹੀ। ਕਿੰਨੋ ਅਨਰਥ ਹੈ!

### ਕਿਰਸਾਨੀ ਆਮਦਨ ਦੁੱਗਣੀ ਕਰਨ ਦਾ ਨੁਕਤਾ

ਜੇ ਅਸਲੋਂ ਕਿਰਸਾਨ ਨੂੰ ਦੂਜਿਆਂ ਦੇ ਬਰਾਬਰ ਲਿਆ ਕੇ ਖੜ੍ਹਾਉਣਾ ਹੋਵੇ ਤਾਂ ਉਸ ਦੀ ਆਮਦਨ ਦੁੱਗਣੀ ਨਹੀਂ ਦਸ ਗੁਣਾਂ ਤੋਂ ਵੀ ਵੱਧ ਕਰਨੀ ਪੈਣੀ ਹੈ। ਸੂਚਕ ਅੰਕ ਦੇ ਹਿਸਾਬ ਨਾਲ ਇਹ ਇਸ ਤੋਂ ਵੀ ਜਿਆਦਾ ਦਾ ਪਾੜਾ ਹੈ। ਕਿਹਾ ਬੇਸ਼ੱਕ ਇਹ ਜਾ ਰਿਹਾ ਹੈ ਕਿ ਕਿਰਸਾਨ ਦੀ ਆਮਦਨ ਦੁੱਗਣੀ ਕੀਤੀ ਜਾਵੇਗੀ




ਪਰ ਮਨਸ਼ਾ ਇਹ ਹੈ ਕਿ ਕਿਰਸਾਨ ਤੋਂ ਆਮਦਨ ਦੁੱਗਣੀ ਹੋਵੇਗੀ ਵਪਾਰੀ ਦੀ। ਕਿਸੇ ਵਪਾਰੀ ਲਈ, ਕਿਸੇ ਕਾਰੋਬਾਰੀ ਲਈ, ਕਿਸੇ ਮੁਲਾਜਮ ਲਈ, ਨੌਕਰੀ ਪੇਸ਼ਾ ਲਈ ਸਰਕਾਰ ਲਈ ਆਮਦਨ ਦੁੱਗਣੀ ਦਾ ਮਤਲਬ ਹੋਰ ਹੈ ਤੇ ਕਿਰਸਾਨ ਲਈ ਆਮਦਨ ਦੁੱਗਣੀ ਦੇ ਮਾਅਨੇ ਹੋਰ ਹਨ। ਜੇ ਕਿਰਸਾਨ ਲਈ ਆਮਦਨ ਵੱਡੀ ਗੱਲ ਹੋਵੇ ਤਾਂ ਕਿਰਸਾਨ ਦਾਨੀ ਨਾ ਹੋਵੇ।

ਜਿਹੜੇ ਪੁੱਛਦੇ ਹਨ ਕਿ ਇਸ ਘੋਲ ਲਈ ਪੈਸਾ ਕਿੱਥੋਂ ਆ ਰਿਹਾ ਹੈ ਅਸਲ ਵਿੱਚ ਉਹ ਦੁੱਗਣੀ ਆਮਦਨ ਤੇ ਮਾਅਨੇ ਪਹਿਲੇ ਤਰੀਕੇ ਸਮਝਣ ਵਾਲੇ ਹਨ। ਉਨ੍ਹਾਂ ਲਈ ਪੈਸਾ ਮੁੱਖ ਸ਼ੈਅ ਹੈ। ਜਿਹੜੇ ਕਿਰਸਾਨ ਆਪਣਾ ਕੰਮਕਾਰ ਛੱਡ ਕੇ ਪੈਸੇ ਦਾ ਨੁਕਸਾਨ ਝੱਲਕੇ ਤੇ ਇੱਥੇ ਆ ਕੇ ਖਰਚਾ ਝੱਲ ਰਹੇ ਹਨ ਉਨ੍ਹਾਂ ਲਈ ਆਮਦਨ ਦੁੱਗਣੀ ਕਿਸੇ ਮਤਲਬ ਦੀ ਨਹੀਂ। ਉਨ੍ਹਾਂ ਲਈ ਇੱਜਤ ਵੱਡੀ ਗੱਲ ਹੈ। ਕਿਰਸਾਨੀ ਤੋਂ ਬਿਨਾਂ ਵੀ ਬਹੁਤ ਅਜਿਹੇ ਹਨ ਜਿਹੜੇ ਇਸ ਨੁਕਤੇ ਨੂੰ ਸਮਝਦੇ ਹਨ। ਜਿਹੜਾ ਬਾਣੀਆ ਵਪਾਰੀ ਆਪਣਾ ਘਰ ਵੇਚ ਕੇ ਇਸ ਘੋਲ ਦੇ ਲੇਖੇ ਲਾਉਣ ਦੀ ਗੱਲ ਕਰਦਾ ਹੈ ਉਹ ਇਸ ਦੀ ਉਦਾਹਰਨ ਹੈ। ਜਿਹੜੇ ਇਸ ਘੋਲ ਨਾਲ ਮੋਢਾ ਲਾ ਰਹੇ ਹਨ, ਚਾਹੇ ਉਹ ਕਿਰਸਾਨ ਹੈ ਚਾਹੇ ਨਹੀਂ ਹੈ, ਚਾਹੇ ਉਹ ਸਿੱਖ ਹੈ ਚਾਹੇ ਨਹੀਂ ਹੈ, ਉਹ ਇੱਜਤ ਕਰਕੇ ਲਾ ਰਹੇ ਹਨ ਪੈਸੇ ਕਰਕੇ ਨਹੀਂ।

### ਖੁਦਕੁਸ਼ੀਆਂ ਬਾਰੇ

ਕਿਰਸਾਨੀ ਖ਼ੁਦਕੁਸ਼ੀਆਂ ਸਿਰਫ ਘੱਟ ਆਮਦਨ ਕਰਕੇ ਨਹੀਂ ਹੋ ਰਹੀਆਂ। ਇਹਦੇ ਮਗਰ ਅਸਲ ਗੱਲ ਸਟੇਟ ਦੇ ਅਦਾਰੇ ਅਤੇ ਮੀਡੀਆ ਆਦਿ ਵੱਲੋਂ ਕਿਰਸਾਨ ਦੀ ਕੀਤੀ ਜਾ ਰਹੀ ਬੇਇੱਜ਼ਤੀ ਹੈ। ਕਰਜ਼ਾ ਤਾਂ ਵਪਾਰੀਆਂ ਉੱਤੇ ਕਿਰਸਾਨਾਂ ਨਾਲੋਂ ਕਿਤੇ ਵੱਧ ਹੈ। ਕਾਰਪੋਰੇਟ ਘਰਾਣਿਆਂ ਦਾ ਕਰਜ਼ਾ ਹੱਦੋਂ ਵੱਧ ਹੈ। ਮੁਲਕ ਕਰਜ਼ਾ ਲੈਂਦੇ ਹਨ ਅੰਬਾਨੀ ਅਡਾਨੀ ਸਿਰ ਮਣਾਂਮੂੰਹੀਂ ਕਰਜ਼ਾ ਹੈ। ਉਨ੍ਹਾਂ ਨੇ ਤਾਂ ਕਦੇ ਖੁਦਕੁਸ਼ੀ ਨਹੀਂ ਕੀਤੀ। ਭਾਰਤ ਸਿਰ ਕਰਜ਼ਾ ਹੈ। ਪਾਕਿਸਤਾਨ ਸਿਰ ਕਿਤੇ ਵੱਧ ਕਰਜ਼ਾ ਹੈ। ਭਾਰਤ ਦੇ ਪਰਧਾਨ ਮੰਤਰੀ ਜਾਂ ਪਾਕਿਸਤਾਨ ਦੇ ਪਰਧਾਨ ਮੰਤਰੀ ਨੇ ਤਾਂ ਕਦੇ ਖੁਦਕੁਸ਼ੀ ਨਹੀਂ ਕੀਤੀ। ਪੰਜਾਬ ਸਿਰ ਕਰਜਾ ਹੈ ਸਾਰੇ ਜਾਣਦੇ ਹਾਂ। ਕਿਸੇ ਮੁੱਖ ਮੰਤਰੀ ਨੇ ਤਾਂ ਕਦੇ ਖੁਦਕੁਸ਼ੀ ਨਹੀਂ ਕੀਤੀ।

ਪੈਸਾ ਮੁੱਖ ਨੁਕਤਾ ਨਹੀ ਹੈ। ਇੱਜਤ ਮੁੱਢਲੀ ਗੱਲ ਹੈ। ਕਿਰਸਾਨ ਨੂੰ ਇੱਜ਼ਤ ਜਾਨ ਤੋਂ ਪਿਆਰੀ ਹੈ। ਕਿਰਸਾਨ ਇੱਜਤ ਨਾਲ ਜਿਉਂ ਰਹੇ ਨੇ ਚਾਹੇ ਨੰਗੇ ਪੈਰੀਂ ਨੇ। ਮਰ ਤਾਂ ਰਿਹਾ ਹੈ ਕਿਰਸਾਨ ਕਿਉਂਕਿ ਇੱਜਤ ਪਿਆਰੀ ਹੈ। ਤੁਸੀਂ ਕਿਰਸਾਨੀ ਮਸਲਾ ਹੱਲ ਕਰਨ ਦੀ ਗੱਲ ਕਰਦੇ ਹੋ। ਜਿਨ੍ਹਾਂ ਨੂੰ ਇੱਜਤ ਪਿਆਰੀ ਹੈ ਉਨ੍ਹਾਂ ਨੂੰ ਸੜਕਾਂ ਉੱਤੇ ਬਿਠਾ ਰੱਖਿਆ ਹੈ। ਬੇਇਜ਼ਤ ਕੀਤਾ ਜਾ ਰਿਹਾ ਹੈ।ਕੀ ਇਸ ਤਰੀਕੇ ਮਸਲੇ ਹੱਲ ਹੋਣਗੇ?

ਇਸ ਬਾਬਤ ਅਗਲੀ ਗੱਲ ਇਹ ਹੈ ਕਿ ਸਰਕਾਰ ਤੇ ਵਪਾਰੀ ਝੂਠੇ ਕਰਜ਼ੇ ਲੈਂਦੇ ਹਨ। ਵੱਡੇ ਕਰਜ਼ੇ ਆਪਣੇ ਆਪ ਨੂੰ ਦਿਵਾਲੀਆ ਐਲਾਨ ਕੇ ਸਭ ਮੁਆਫ਼ ਹੋ ਜਾਂਦੇ। ਕਿਰਸਾਨ ਦੇ ਕਰਜ਼ੇ ਮੁਆਫ਼ ਨਹੀਂ ਹੁੰਦੇ ਇਹ ਵਿਤਕਰਾ ਜੱਗ ਜ਼ਾਹਰ ਹੈ।

ਕਿਰਸਾਨੀ ਨੂੰ ਰਿਆਇਤਾਂ ਬਾਰੇ

ਰਿਆਇਤਾਂ ਦੇ ਨਾਂ ਤੇ ਜੋ ਕਿਰਸਾਨੀ ਦੀ ਮੱਦਦ ਦਾ ਢੋਲ ਪਿੱਟਿਆ ਜਾਂਦਾ ਹੈ ਉਹ ਕੋਈ ਮਦਾਦ ਨਹੀਂ ਹੈ। ਉਹ ਕੋਈ ਖ਼ੈਰਾਤ ਨਹੀਂ ਹੈ। ਉਹ ਸਰਕਾਰ ਆਪਣੇ ਜਿਉਂਦੇ ਰਹਿਣ ਲਈ ਦਿੰਦੀ ਹੈ। ਮਰਦਾ ਬੰਦਾ ਸਭ ਕੁਝ ਕਰਦਾ ਹੈ, ਸਰਕਾਰਾਂ ਵੀ ਕਰਦੀਆਂ ਹਨ। ਜਿਹੜਾ ਕੁਝ ਇੱਥੇ ਹੁਣ ਕਿਰਸਾਨੀ ਨਾਲ ਕੀਤਾ ਜਾ ਰਿਹਾ ਹੈ ਚੀਨ ਬਹੁਤ ਪਹਿਲਾਂ ਕਰ ਚੁੱਕਿਆ ਹੈ ਤੇ ਹੁਣ ਮੱਛੀ ਪੱਥਰ ਚੱਟ ਕੇ ਮੁੜ ਰਹੀ ਹੈ। ਕਾਮਰੇਡ ਚੀਨ ਨੇ ਸਾਰੀ ਜਮੀਨਾਂ ਦੀ ਮਾਲਕੀ ਆਪਣੇ ਨਾਂ ਕਰ ਲਈ ਤੇ ਕਿਰਸਾਨ ਨੂੰ ਸਿਰਫ ਖੇਤੀ ਕਰਕੇ ਤੇ ਉਹਦਾ ਮੁੱਲ ਵੱਟਣ ਤੱਕ ਦਾ ਹੀ ਹੱਕ ਸੀ। ਪਰ ਹੁਣ ਇਹ ਤਜਰਬਾ ਕਾਮਯਾਬ ਨਾ ਹੁੰਦਾ ਵੇਖ ਉਸ ਨੇ ਕਿਰਸਾਨਾਂ ਨੂੰ ਉਸ ਜਮੀਨ ਉੱਤੇ ਕਰਜ਼ਾ ਲੈਣ ਦੀ ਖੁੱਲ੍ਹ ਦੇ ਦਿੱਤੀ ਹੈ। ਇਕ ਤਰੀਕੇ ਉਨ੍ਹਾਂ ਦੀ ਅੱਧੀ ਮਾਲਕੀ ਵਾਪਸ ਕਰ ਦਿੱਤੀ ਹੈ ਤੇ ਇੱਥੇ ਹਾਲੇ ਇਹ ਓਹੀ ਜ਼ਮੀਨਾਂ ਖੋਹਣ ਨੂੰ ਫਿਰਦੇ ਹਨ।

ਕਿਰਸਾਨ ਪੱਖੀ ਕਨੂੰਨ ਦੇਖੋ ਵਪਾਰੀ ਕਿਰਸਾਨ ਦੀ ਜਮੀਨ ਤੇ ਕਰਜ਼ਾ ਲੈ ਸਕੇਗਾ। ਚੀਨ ਸਰਕਾਰੀ ਜਮੀਨ ਤੇ ਕਿਰਸਾਨ ਨੂੰ ਕਰਜ਼ਾ ਲੈਣ ਦੇ ਰਿਹੈ ਤੇ ਇਹ ਕਨੂੰਨ ਕਿਰਸਾਨ ਦੀ ਜਮੀਨ ਤੇ ਵਪਾਰੀ ਨੂੰ ਕਰਜ਼ਾ ਲੈ ਸਕਣ ਦਾ ਰਾਹ ਖੋਲ੍ਹਦੇ। ਅਗਲੀ ਗੱਲ ਇਹ ਕਿ ਵਪਾਰੀ ਕਰਜ਼ਾ ਕਿੰਨਾਂ ਕੁ ਮੋੜਦੇ ਹਨ, ਸਭ ਨੂੰ ਪਤਾ ਹੈ। ਜਮੀਨ ਕਿਹਦੀ ਜਾਣੀ ਹੈ? ਇਹਨੂੰ ਕਹਿ ਰਹੇ ਨੇ ਕੰਟਰੈਕਟ ਖੇਤੀ।

ਦੋਸ਼ ਪਹਿਲਾ

ਇਹ ਜੋ ਕਿਰਸਾਨੀ ਘੋਲ ਵਿੱਚ ਕੁੱਦਿਆਂ ਨੂੰ 'ਅਤਿਵਾਦੀ' 'ਖਾਲਿਸਤਾਨੀ' 'ਨਕਸਲੀ' ਆਦਿ ਕਹਿ ਕੇ ਬੁਲਾਇਆ ਜਾਂਦਾ ਹੈ ਇਹ ਸਭ ਸਿਆਸੀ ਨਾਅਰੇ ਹਨ। ਜਾਣ ਬੁੱਝ ਕੇ ਬਦਨੀਤੀ ਨਾਲ ਬਦਮਾਸ਼ੀ ਕੀਤੀ ਜਾ ਰਹੀ ਹੈ। ਸ਼ਾਂਤਮਈ ਬੰਦਿਆਂ ਨੂੰ ਇਹ ਕੁਝ ਆਖਣਾ ਗੁਨਾਹ ਹੈ। ਸ਼ਾਂਤਮਈ ਬੈਠਿਆਂ ਨੂੰ ਹਥਿਆਰਬੰਦ ਵਰਗਾ ਕਹਿਣ ਦਾ ਮਤਲਬ ਬਿਲਕੁਲ ਹੋਰ ਹੁੰਦੈ।

ਇਹ ਸਭ ਕਹੇ ਜਾਣ ਦਾ ਅਸਲ ਮਨਸ਼ਾ ਇਹ ਹੈ ਕਿ ਇਸ ਨੂੰ ਅੰਦਰੂਨੀ ਸੁਰੱਖਿਆ ਦਾ ਮਸਲਾ ਬਣਾ ਕੇ ਹਥਿਆਰਬੰਦ ਸੰਘਰਸ਼ ਵਿਖਾ ਕੇ ਬਦਨਾਮ ਕੀਤਾ ਜਾ ਸਕੇ। ਜਿਹੜੇ ਇੱਜ਼ਤ ਖ਼ਾਤਰ ਆਏ ਹਨ ਉਨ੍ਹਾਂ ਦੀ ਇੱਜ਼ਤ ਨੂੰ ਢਾਹ ਲਾਈ ਜਾਵੇ। ਉਨ੍ਹਾਂ ਦੀ ਬੇਇਜ਼ਤੀ ਕੀਤੀ ਜਾਵੇ। ਇਸ ਤੋਂ ਵੱਡੀ ਬੇਈਮਾਨੀ ਕੋਈ ਨਹੀਂ।

### ਦੋਸ਼ ਦੂਜਾ

ਇਹ ਕਹਿਣਾ ਤੇ ਪ੍ਰਚਾਰਨਾ ਕਿ ਇੱਥੇ ਸਿਰਫ ਪੰਜਾਬ ਤੇ ਹਰਿਆਣੇ ਵਾਲੇ ਹੀ ਆਏ ਹਨ ਜਾਂ ਰੱਜੇ ਹੋਏ ਆਏ ਹਨ। ਇਹ ਬਹੁਤ ਵੱਡੀ ਬੇਈਮਾਨੀ ਦੀ ਗੱਲ ਹੈ। ਅਸਲ ਮਸਲਾ ਕਾਨੂੰਨ ਦਾ ਹੈ ਨਾ ਕਿ ਇਸ ਗੱਲ ਦਾ ਕਿ ਪਹਿਲਾਂ ਕੌਣ ਆਇਆ ਹੈ। ਪੰਜਾਬ ਹਰਿਆਣਾ ਦਿੱਲੀ ਦੇ ਨੇੜੇ ਨੇ ਪਹਿਲਾਂ ਆ ਗਏ। ਇਹ ਕੋਈ ਮੁੱਦਾ ਨਹੀਂ ਹੈ। ਗੱਲ ਮੁੱਦੇ ਦੀ ਕਰੋ। ਜਾਂ ਤਾਂ ਇਹ ਕਹੋ ਕਿ ਮਸਲਾ ਝੂਠਾ ਹੈ ਮੁੱਦਾ ਹੀ ਗ਼ਲਤ ਹੈ। ਜਾਣ ਬੁੱਝ ਕੇ ਗੱਲ ਹੋਰ ਪਾਸੇ ਲਿਜਾਈ ਜਾ ਰਹੀ ਹੈ। ਚੋਰਾਂ ਨਾਲ ਰਲੇ ਥਾਣੇਦਾਰ ਵਾਂਗੂੰ ਜੀਹਦੇ ਘਰ ਚੋਰੀ ਹੋਈ ਹੈ ਉਸੇ ਨੂੰ ਪੁੱਛਿਆ ਜਾ ਰਿਹਾ ਹੈ ਕਿ ਤੇਰੇ ਘਰ ਹੀ ਚੋਰੀ ਕਿਉਂ ਹੋਈ, ਤੇਰੇ ਗਵਾਂਢੀ ਦੇ ਤਾਂ ਹੋਈ ਨੀ। ਦੂਜੀ ਗੱਲ ਕੁਝ ਸਮਾਂ ਪਹਿਲਾਂ ਤਾਮਿਲਨਾਡੂ ਵਾਲੇ ਵੀ ਆ ਕੇ ਇੱਥੇ ਸ਼ਾਂਤਮਈ ਰੋਸ ਮੁਜ਼ਾਹਰੇ ਕਰ ਹਟੇ ਪਰ ਕਿਸੇ ਨੇ ਬਾਤ ਤੱਕ ਨਹੀਂ ਪੁੱਛੀ।

ਮੁਕਦੀ ਗੱਲ ਇਹ ਹੈ ਕਿ ਜੇ ਕਾਨੂੰਨ ਠੀਕ ਹਨ ਤਾਂ ਬਦਲਾਅ ਦੀ ਗੱਲ ਕਿਉਂ ਮੰਨ ਰਹੇ ਹਨ? ਜੇ ਗਲਤ ਹਨ ਤਾਂ ਅੜੀ ਕਿਉਂ ਹੈ? ਜਿੱਦ ਕਿਹੜੀ ਗੱਲ ਦੀ ਹੈ?

# ਦਿੱਲੀ ਮੋਰਚੇ ਲਈ ਮੋਦੀ ਸਰਕਾਰ ਦੀ ਰਣਨੀਤੀ ਅਤੇ ਤਿਆਰੀ

**ਅਮਨਦੀਪ ਸਿੰਘ ਸਰੀ, ਕੈਨੇਡਾ**

ਕਿਸਾਨ ਮੋਰਚੇ ਅਤੇ ਦਿੱਲੀ ਸੰਘਰਸ਼ ਵਿੱਚ ਜੱਦੋ ਜਹਿਦ ਕਰ ਰਹੀਆਂ ਸਾਰੀਆਂ ਜਥੇਬੰਦੀਆਂ ਅਤੇ ਆਮ ਲੋਕਾਈ ਲਈ ਹਰ ਦਿਨ ਨਿੱਤ ਨਵੀਂ ਤਾਂਘ ਲੈ ਕੇ ਚੜ੍ਹਦਾ ਹੈ। ਜਿੱਥੇ ਇੱਕ ਪਾਸੇ ਲੋਕਾਈ ਦੀ ਇੱਕਜੁਟਤਾ ਨੇ ਸਰਕਾਰ ਨੂੰ ਪਿਛਲੇ ਪੈਰੀਂ ਕਰ ਦਿੱਤਾ ਹੈ ਉੱਥੇ ਹੀ ਲੋਕਾਂ ਤੇ ਕੁੱਝ ਆਗੂਆਂ ਨੂੰ ਇਹ ਵੀ ਲੱਗ ਰਿਹਾ ਹੈ ਕਿ ਸਰਕਾਰ ਦਾ ਰਵੱਈਆ ਅਜੇ ਵੀ ਅੜੀ ਵਾਲਾ ਹੈ। ਪਿਛਲੀਆਂ ਕੁੱਝ ਬੈਠਕਾਂ ਵਿੱਚੋਂ ਇਹ ਗੱਲ ਉੱਭਰ ਕੇ ਸਾਫ ਤੌਰ ਤੇ ਸਾਹਮਣੇ ਆਈ ਹੈ ਕਿ ਨਵੇਂ ਖੇਤੀ ਕਨੂੰਨਾਂ ਨੂੰ ਬਣਾਉਣ ਤੇ ਲਾਗੂ ਕਰਨ ਦਾ ਅਖਤਿਆਰ ਕੇਂਦਰ ਸਰਕਾਰ ਕੋਲ ਨਹੀਂ ਹੈ। ਇਸਦੇ ਨਾਲ ਹੀ ਇਹ ਗੱਲ ਵੀ ਸਾਫ ਹੈ ਕਿ ਧੱਕੇ ਨਾਲ ਬਣਾਏ ਗਏ ਇਹਨਾਂ ਕਨੂੰਨਾਂ ਦੇ ਕਾਰਣ ਕਿਸਾਨਾਂ ਦੀ ਜਮੀਨ ਅੱਜ ਨਹੀਂ ਤਾਂ ਕੱਲ ਉਹਨਾਂ ਕੋਲੋਂ ਖੁੱਸ ਕੇ ਵੱਡੇ ਵਪਾਰਕ ਘਰਾਣਿਆਂ ਕੋਲ ਚਲੀ ਜਾਵੇਗੀ।

ਹੁਣ ਤੱਕ ਹੋਈਆਂ ਪਹਿਲੀਆਂ 7 ਮੀਟਿੰਗਾਂ ਵਿੱਚ ਸਰਕਾਰ ਦੇ ਨੁਮਾਇੰਦਿਆਂ ਨੇ ਕਿਸਾਨ ਆਗੂਆਂ ਨੂੰ ਹਾਂ-ਪੱਖੀ ਰਵੱਈਆ ਦਿਖਾਇਆ ਤੇ ਭਵਿੱਖ ਵਿੱਚ ਬਣਨ ਜਾ ਰਹੇ ਇੱਕ ਕਨੂੰਨ ਤੇ ਇੱਕ ਆਰਡੀਨੈਂਸ ਨੂੰ ਵਾਪਸ ਲੈਣ ਦੀ ਹਾਮੀ ਵੀ ਭਰੀ ਹੈ। ਭਾਵੇਂ ਕਿ ਕਿਸਾਨ ਆਗੂ ਸਰਕਾਰ ਦੇ ਇਸ ਹਾਂ-ਪੱਖੀ ਰਵੱਈਏ ਤੋਂ ਖੁਸ਼ ਹਨ ਪਰ ਇੱਕ ਗੱਲ ਜਿਹੜੀ ਉਹਨਾਂ ਨੂੰ ਅੱਖੜ ਰਹੀ ਐ ਉਹ ਸਰਕਾਰ ਦਾ ਸਿੱਧਿਆਂ ਤਿੰਨ ਕਨੂੰਨ ਰੱਦ ਕਰਨ ਦੇ ਮੁੱਖ ਮਸਲੇ ਉਤੇ ਗੱਲ ਨਾ ਕਰ ਕੇ ਗੱਲ ਨੂੰ ਹੋਰ ਮਾਮਲਿਆਂ ਤੇ ਉਲਝਾ ਕੇ ਗੱਲਬਾਤ ਨੂੰ ਲੰਬਾ ਖਿੱਚਣਾ ਹੈ।

ਪਰ 8 ਜਨਵਰੀ ਨੂੰ ਹੋਈ ਮੀਟਿੰਗ ਵਿੱਚ ਸਰਕਾਰ ਦੇ ਮੰਤਰੀਆਂ/ਨੁਮਾਇੰਦਿਆਂ ਦਾ ਰੁਖ ਬਹੁਤ ਬਦਲਿਆਂ ਹੋਇਆ ਅਤੇ ਪਹਿਲਾਂ ਹੁੰਦੀਆਂ ਲਗਦੀਆਂ ਸਹਿਮਤੀਆਂ ਤੋਂ ਉਲਟ ਟਾਲ ਮਟੋਲ ਅਤੇ ਮੁਕਰਣ ਵਾਲਾ ਜਾਪਦਾ ਸੀ।

ਜਾਣਕਾਰ ਸੂਤਰਾਂ ਅਨੁਸਾਰ ਸਰਕਾਰ ਦੀ ਸ਼ੁਰੂਆਤੀ ਰਣਨੀਤੀ ਕਿਸਾਨਾਂ ਨੂੰ ਲੰਬੇ ਸਮੇਂ ਤੱਕ ਟਰਕਾ ਕੇ ਉਹਨਾਂ ਦੇ ਹੌਂਸਲੇ ਢਾਹੁਣ ਦੀ ਸੀ ਇਸ ਲਈ ਸਰਕਾਰ ਨੇ ਵੱਖ-ਵੱਖ ਹੱਥਕੰਡੇ ਅਪਣਾ ਕੇ ਸੰਘਰਸ਼ ਨੂੰ ਬਦਨਾਮ ਕਰਨ ਦੀ ਪੂਰੀ ਵਾਹ ਵੀ ਲਾਈ ਹੋਈ ਹੈ ਪਰ ਕੋਈ ਨੀਤੀ ਜਾਂ ਚਾਲ ਸਫਲ ਹੁੰਦੀ ਨਹੀਂ ਦਿਸ ਰਹੀ। ਇਸ ਵੇਲੇ ਛੱਬੀ ਜਨਵਰੀ ਦੇ ਨੇੜੇ ਆ ਜਾਣ ਕਰ ਕੇ ਸਰਕਾਰ ਦੋ ਵੱਖ ਵੱਖ ਨੀਤੀਆਂ ਤੇ ਕੰਮ ਕਰ ਰਹੀ ਹੈ। ਮੋਦੀ ਸਰਕਾਰ ਨੂੰ ਡਰ ਹੈ ਕਿ ਜੇ ਕਿਸਾਨ ਆਗੂ ਛੱਬੀ ਜਨਵਰੀ ਦੇ ਮੌਕੇ ਦੁਨੀਆ ਭਰ ਦੇ ਮੀਡੀਆ ਤੇ ਪਤਵੰਤੇ ਸੱਜਣਾਂ ਸਾਹਮਣੇ ਆਪਣਾ ਪੱਖ ਕਿਸੇ ਵੀ ਤਰ੍ਹਾਂ ਨਾਲ ਪੇਸ਼ ਕਰਨ ਵਿੱਚ ਸਫਲ ਹੋ ਜਾਂਦੇ ਹਨ ਤਾਂ ਮੋਦੀ ਸਰਕਾਰ ਦੀ ਸਾਖ ਨੂੰ ਦੁਨੀਆ ਭਰ ਵਿੱਚ ਵੱਟਾ ਲੱਗੇਗਾ। ਇਸ ਲਈ ਸਰਕਾਰ ਕਿਸਾਨ ਆਗੂਆਂ ਨੂੰ ਛੱਬੀ ਜਨਵਰੀ ਲੰਘ ਜਾਣ ਤੱਕ, ਖੁਸ਼ ਰੱਖਣ ਦੀ ਹਰ ਕੋਸ਼ਿਸ਼ ਕਰੇਗੀ। ਇੱਥੋਂ ਤੱਕ ਕਿ ਸਰਕਾਰ ਨੇ ਗਣਤੰਤਰ ਦਿਹਾੜੇ ਉਤੇ ਹੁੰਦੀ ਪਰੇਡ ਦੀ ਕੁੱਲ ਲੰਬਾਈ ਅੱਠ ਕਿਲੋਮੀਟਰ ਤੋਂ ਘਟਾ ਕੇ ਤਕਰੀਬਨ ਤਿੰਨ ਕਿਲੋਮੀਟਰ ਕਰ ਦਿੱਤੀ ਐ, ਤਾਂ ਕਿ ਲੋਕਾਂ ਦੇ ਛੋਟੇ ਇਕੱਠ ਤੇ ਨਜ਼ਰ ਰੱਖਣੀ ਤੇ ਕਿਸੇ ਵੀ ਤਰ੍ਹਾਂ ਦੇ ਵਿਰੋਧ ਨੂੰ ਰੋਕਣਾ ਸੌਖਾ ਰਹੇ।



ਇਸੇ ਹੀ ਸੋਚ ਤਹਿਤ ਪਹਿਲਾ ਪੈਂਤੜਾ ਹੋਏਗਾ ਕਿ ਛੱਬੀ ਜਨਵਰੀ ਨੂੰ ਕਿਸੇ ਵੀ ਰੌਲੇ ਦੀ ਸ਼ਰਮਿੰਦਗੀ ਤੋਂ ਬਚਣ ਲਈ ਸਰਕਾਰ ਅਗਾਂਹ ਹੋਣ ਵਾਲੀ ਹਰ ਬੈਠਕ ਵਿੱਚ ਇੱਕ ਦੋ ਮੰਗਾਂ ਮੰਨਣ ਦੀ ਸਹਿਮਤੀ ਦੇ ਕੇ ਕਿਸਾਨ ਆਗੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਵੱਡੀ ਕਾਰਵਾਈ ਕਰਨ ਤੋਂ ਰੋਕ ਕੇ ਰੱਖਣ ਦੀ ਕੋਸ਼ਿਸ਼ ਕਰੇਗੀ, ਅਤੇ ਛੱਬੀ ਜਨਵਰੀ ਦੇ ਅਮਨ-ਅਮਾਨ ਨਾਲ ਲੰਘ ਜਾਣ ਤੋਂ ਬਾਅਦ ਸਖਤਾਈ ਨਾਲ ਇਸ ਸੰਘਰਸ਼ ਨੂੰ ਦੱਬਣ ਦੀ ਕੋਸ਼ਿਸ਼ ਕਰੇਗੀ। ਇਸੇ ਤਰਕੀਬ ਨੂੰ ਵਰਤ ਕੇ ਸਰਕਾਰ ਪਹਿਲਾਂ ਹੀ ਕਿਸਾਨ ਆਗੂਆਂ ਵੱਲੋਂ ਐਲਾਨੇ ਅਤੇ ਉਲੀਕੇ ਟਰੈਕਟਰ ਮਾਰਚ ਨੂੰ ਇੱਕ ਵਾਰ ਬਰਖਾਸਤ ਕਰਵਾ ਚੁੱਕੀ ਹੈ।

ਪਰ ਜੇ ਕਿਸੇ ਵੀ ਕਾਰਨ ਮੋਦੀ ਸਰਕਾਰ ਇਹ ਸਖ਼ਤ ਰੁਖ ਨਾ ਅਖਤਿਆਰ ਕਰ ਸਕੇ ਤਾਂ ਬਦਲਵੇਂ ਪੈਂਤੜੇ ਵਿੱਚ ਸਰਕਾਰ ਇੱਕ ਇਹੋ ਜਿਹਾ ਲੰਗੜਾ ਹੱਲ ਪੇਸ਼ ਕਰੇਗੀ ਕਿ ਕਿਸਾਨ ਆਗੂ ਨਾ ਤਾਂ ਉਸ ਹੱਲ ਨੂੰ ਮਨਜੂਰ ਕਰ ਸਕਣਗੇ ਅਤੇ ਨਾ ਹੀ ਠੋਕਰ ਮਾਰ ਸਕਣਗੇ। ਜਿਸ ਤੋਂ ਬਾਅਦ ਕੌਮੀ ਮੀਡੀਆ ਉੱਤੇ ਆਗੂਆਂ ਦੀ ਨਾਂਹ ਨੁੱਕਰ ਦਾ ਜ਼ੋਰ-ਸ਼ੋਰ ਨਾਲ ਪਰਚਾਰ ਕਰ ਕੇ ਦੇਸ਼ ਭਰ ਵਿੱਚ ਇਸ ਸੰਘਰਸ਼ ਨੂੰ ਮਿਲ ਰਹੇ ਸਮਰਥਨ ਨੂੰ ਘਟਾਉਣ ਦਾ ਕੰਮ ਕੀਤਾ ਜਾਏਗਾ।

ਇਸ ਰਣਨੀਤੀ ਤਹਿਤ ਸਰਕਾਰ ਨੇ ਕਿਸਾਨਾਂ ਸਾਹਮਣੇ ਇੱਕ ਕਨੂੰਨ ਰੱਦ ਕਰਨ, ਇੱਕ ਕਨੂੰਨ ਵਿੱਚ ਸੋਧਾਂ ਕਰਨ, ਅਤੇ ਇੱਕ ਕਨੂੰਨ ਨੂੰ ਜਿਓਂ ਦਾ ਤਿਓਂ ਮੰਨਣ ਦੀ ਤਜਵੀਜ਼ ਪੇਸ਼ ਕਰ ਸਕਦੀ ਹੈ। ਸਰਕਾਰ ਦਾ ਪੈਂਤੜਾ ਹੋਵੇਗਾ ਕਿ ਇੱਕ ਸ਼ਰਤ ਅਸੀਂ ਤੁਹਾਡੀ ਮੰਨ ਲਈ ਹੁਣ ਇੱਕ ਸ਼ਰਤ ਤੁਸੀਂ ਸਾਡੀ ਮੰਨ ਲਓ, ਅਤੇ ਇੱਕ ਕਨੂੰਨ ਤੇ ਕਿਸੇ ਵਿਚਲੇ ਰਾਹ ਰਾਹੀਂ ਸਮਝੌਤਾ ਕਰ ਲਓ। ਇਸ ਪੇਸ਼ਕਸ਼ ਵਿੱਚ ਕੰਟਰੈਕਟ ਫਾਰਮਿੰਗ ਰੱਦ ਕੀਤੀ ਜਾ ਸਕਦੀ ਐ, ਮੰਡੀਆਂ ਵਾਲੇ ਕਨੂੰਨ ਵਿੱਚ ਸੋਧਾਂ ਦੀ ਪੇਸ਼ਕਸ਼ ਹੋਏਗੀ, ਤੇ ਤੀਜੇ ਸਟੋਰੇਜ ਵਾਲੇ ਕਨੂੰਨ ਉੱਤੇ ਸਰਕਾਰ ਕਿਸਾਨ ਆਗੂਆਂ ਨੂੰ ਮੰਨ ਜਾਣ ਦੀ ਬੇਨਤੀ ਤਜਵੀਜ ਵਜੋਂ ਰੱਖੇਗੀ।

ਕਿਉਂਕਿ ਤਿੰਨਾਂ ਵਿੱਚੋਂ ਦੋ ਕਨੂੰਨਾਂ ਉੱਤੇ ਅਜੇ ਤੱਕ ਮੋਦੀ ਸਰਕਾਰ ਅਤੇ ਵੱਡੇ ਵਪਾਰਕ ਘਰਾਣਿਆਂ ਦਾ ਕੋਈ ਖਾਸ ਪੈਸਾ ਨਹੀਂ ਲੱਗਿਆ ਜਾਂ ਜਮੀਨੀ ਪੱਧਰ ਤੇ ਕੋਈ ਖਾਸ ਕੰਮ ਨਹੀਂ ਹੋਇਆ, ਏਸ ਲਈ ਉਹ ਵਾਪਸ ਲੈਣੇ ਜਾਂ ਸੋਧਣੇ ਕੋਈ ਔਖੇ ਨਹੀਂ, ਪਰ ਕਿਉਂਕਿ ਭੰਡਾਰਣ ਵਾਲੇ ਨਵੇਂ ਕਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਈ ਅਡਾਨੀ, ਅੰਬਾਨੀ ਦੇ ਅਦਾਰੇ ਕਾਫੀ ਪੈਸਾ ਲਾ ਕੇ ਜਮੀਨਾਂ ਖਰੀਦ ਚੁੱਕੇ ਹਨ ਅਤੇ ਕਿਤੇ ਕਿਤੇ ਆਪੋ ਆਪਣੇ ਗੁਦਾਮ ਵੀ ਤਿਆਰ ਕਰ ਚੁੱਕੇ ਹਨ, ਇਸ ਲਈ ਉਹ ਕਨੂੰਨ ਰੱਦ ਕਰਨ ਨਾਲ ਵਪਾਰਕ ਘਰਾਣਿਆਂ ਦਾ ਬਹੁਤ ਨੁਕਸਾਨ ਹੋ ਜਾਏਗਾ ਜਿਸ ਕਰਕੇ ਸਰਕਾਰ ਉਸ ਕਨੂੰਨ ਨੂੰ ਲਾਗੂ ਕਰਵਾਉਣ ਲਈ ਹਰ ਹੀਲਾ ਵਰਤੇਗੀ।

ਇਸੇ ਹੀ ਨੀਤੀ ਤਹਿਤ ਜੇ ਫੇਰ ਵੀ ਸੰਘਰਸ਼ ਸਰਕਾਰੀ ਕਿਆਸ ਅਨੁਸਾਰ ਕਿਸੇ ਮੰਜ਼ਿਲ ਵੱਲ ਵੱਧਦਾ ਹੋਇਆ ਨਜ਼ਰ ਨਾ ਆਇਆ ਤਾਂ ਫੇਰ ਉਸ ਹਾਲਤ ਵਿੱਚ ਵੀ ਸਖਤੀ ਨਾਲ ਇਸ ਸੰਘਰਸ਼ ਨੂੰ ਦੱਬ ਕੇ ਦੇਸ਼ ਅਤੇ ਵਿਦੇਸ਼ ਵਿੱਚ ਆਪਣੀ ਮਜਬੂਰੀ ਅਤੇ ਕਿਸਾਨ ਆਗੂਆਂ ਦੇ ਅੜੀਅਲ ਵਤੀਰੇ ਨੂੰ ਜਿੰਮੇਵਾਰ ਠਹਿਰਾਇਆ ਜਾਵੇਗਾ।

ਫਿਲਹਾਲ ਕਿਸਾਨ ਆਗੂ ਅਤੇ ਸਰਕਾਰ ਅੰਦਰਖਾਤੇ ਆਪੋ ਆਪਣੀ ਰਣਨੀਤੀਆਂ ਤੈਅ ਕਰ ਰਹੇ ਨੇ ਅਤੇ ਕੋਈ ਵੀ ਧਿਰ ਪਿੱਛੇ ਹਟਣ ਲਈ ਤਿਆਰ ਨਹੀਂ ਜਾਪਦੀ। ਜੇਕਰ ਅੱਠ ਜਨਵਰੀ ਵਾਲੀ ਬੈਠਕ ਵੀ ਬੇਨਤੀਜਾ ਨਿਕਲਦੀ ਹੈ ਤਾਂ ਸਰਕਾਰ ਦਾ ਰੁਖ ਸਾਫ ਹੋ ਜਾਏਗਾ ਕਿ ਉਹ ਛੱਬੀ ਜਨਵਰੀ ਨੂੰ ਬਿਨਾਂ ਕਿਸੇ ਰੌਲੇ ਗੌਲੇ ਦੇ ਬੀਤ ਜਾਣ ਨੂੰ ਤਰਜੀਹ ਦੇ ਰਹੀ ਹੈ। ਇਸ ਸਾਰੇ ਰੌਲੇ ਗੌਲੇ ਦੇ ਵਿੱਚ ਇੱਕ ਧਿਰ ਜਿਹੜੀ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰੇਗੀ ਉਹ ਹੈ ਆਮ ਲੋਕਾਈ ਜਿਹੜੀ ਕਿਸੇ ਯੂਨੀਅਨ ਦੇ ਝੰਡੇ ਹੇਠ ਨਹੀਂ ਬਲਕਿ ਆਪਣੇ ਰੱਬ ਦੇ ਭਰੋਸੇ, ਚੜ੍ਹਦੀ ਕਲਾ ਦਾ ਜਜ਼ਬਾ ਲੈ ਕੇ ਦਿੱਲੀ ਪਹੁੰਚੀ ਹੈ। ਉਹਨਾਂ ਦੇ ਦਿਲ ਵਿੱਚ ਕੀ ਐ ਇਹ ਤਾਂ ਵੇਲਾ ਆਉਣ ਤੇ ਪਤਾ ਲੱਗੇਗਾ, ਪਰ ਅਜੇ ਤੱਕ ਉਹਨਾਂ ਦੀ ਚੜ੍ਹਦੀ ਕਲਾ ਨੇ ਇਸ ਮੋਰਚੇ ਵਿੱਚ, ਭਾਈ ਬਚਿੱਤਰ ਸਿੰਘ ਨੂੰ ਗੁਰੂ ਸਾਹਿਬਾਨ ਦੀ ਬਖਸ਼ੀ ਨਾਗਣੀ ਵਾਂਗ, ਮੋਦੀ ਸਰਕਾਰ ਦੇ ਮਸਤੇ ਹੋਏ ਹਾਥੀ ਦਾ ਮੱਥਾ ਵਿੰਨ੍ਹਿਆ ਹੋਇਆ ਐ। ਅੱਗੇ ਵੀ ਇਹੀ ਉਮੀਦ ਹੈ ਕਿ ਲੋਕ ਇਸੇ ਤਰ੍ਹਾਂ ਨਾ ਸਿਰਫ ਮੋਦੀ ਸਰਕਾਰ ਬਲਕਿ ਆਪਣੇ ਆਗੂਆਂ ਤੇ ਵੀ ਦਬਾਅ ਕਾਇਮ ਰੱਖਣਗੇ। ਉਹਨਾਂ ਦਾ ਇਹ ਦੁਵੱਲਾ ਦਬਾਅ ਅਗਾਂਹ ਲਈ ਬਰਕਰਾਰ ਰੱਖਣ ਦੀ ਲੋੜ ਵੀ ਹੈ। ਦਬਾਅ ਦੀ ਇਸ ਰਵਾਨੀ ਨੂੰ ਕਾਇਮ ਰੱਖਣ ਲਈ ਟਰੈਕਟਰ ਮਾਰਚ ਜਾਂ ਕਿਸੇ ਅਜਿਹੇ ਹੀ ਕਿਸੇ ਹੋਰ ਢੰਗ ਨਾਲ ਦਿੱਲੀ ਦੇ ਅੰਦਰ ਸਮੇਂ ਸਮੇਂ ਅਤੇ ਲਗਾਤਾਰ ਜਾਂ ਟੁੱਟਵੇਂ ਅਰਸੇ ਬਾਅਦ ਇਕਸਾਰ ਹਾਜਰੀ ਲਵਾਉਂਦੇ ਰਹਿਣਾ ਜਰੂਰੀ ਬਣ ਜਾਂਦਾ ਐ। ਆਸ ਹੈ ਕਿ ਲੋਕ ਇਹ ਹਾਜ਼ਰੀ ਯਕੀਨੀ ਬਣਾਈ ਰੱਖਣਗੇ ਤਾਂ ਜੋ ਮੋਰਚੇ ਵਿੱਚ ਖੜੋਤ ਨਜ਼ਰ ਨਾ ਆਵੇ 'ਤੇ ਸਰਕਾਰ 'ਤੇ ਵੀ ਲਗਾਤਾਰ ਦਬਾਅ ਕਾਇਮ ਰੱਖਿਆ ਜਾ ਸਕੇ।

# ਕਿਸਾਨਾਂ ਤੋਂ ਤਾਂ ਕਰੋਨਾ ਵੀ ਡਰਦੈ...

**ਕੁਲਵੀਰ ਗੋਜਰਾ, ਸੁਖ਼ਨਲੋਕ**

ਜਿਹੜਾ ਬੰਦਾ 'ਸਿੰਘੂ ਜਾਂ 'ਟਿਕਰੀ ਬਾਰਡਰ' ਦਾ ਇਕ ਗੇੜਾ ਕੱਢ ਲਏ, ਉਸ ਦੀ ਇਮਿਊਨਿਟੀ (ਰੋਗਾਂ ਨਾਲ ਲੜਨ ਦੀ ਸ਼ਕਤੀ) ਏਨੀ ਵਧ ਜਾਂਦੀ ਹੈ ਕਿ ਕਰੋਨਾ ਨੂੰ ਤਾਂ ਵੈਸੇ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। 'ਕਰੋਨਾ ਦੇ ਸੌਦਾਗਰਾਂ' ਨੇ 'ਕਰੋਨਾ' ਦਾ ਉਪਚਾਰ ਕਰਨ ਦੇ ਨਾਂ 'ਤੇ ਲੋਕਾਂ ਨੂੰ 'ਅਲੱਗ ਥਲੱਗ' ਕਰਕੇ ਭੈਅਭੀਤ ਕੀਤਾ ਸੀ ਪਰ 'ਜਾਗੇ ਹੋਏ ਖੇਤਾਂ' ਨੇ 'ਅਲੱਗ ਥਲੱਗ' ਹੋਏ ਪੰਜਾਬ ਨੂੰ ਮੁੜ ਇਕ ਥਾਂ 'ਕੱਠਾ ਕਰਕੇ ਨਿਰਭਉ ਬਣਾ ਦਿੱਤੈ।

ਇਹ 'ਬਾਰਡਰ' ਨਹੀਂ, ਮੁਕੱਦਸ ਥਾਵਾਂ ਨੇ ਜਿੱਥੇ ਆ ਕੇ ਲੋਕਾਂ ਦੇ ਆਪਸੀ ਮਨ ਮੁਟਾਵ ਮਿਟ ਗਏ ਨੇ । ਮਨਾਂ 'ਚ ਇਕ ਦੂਜੇ ਲਈ ਸਾਂਭੀ ਕੁੜੱਤਣ ਲੱਥ ਗਈ ਹੈ । ਤੇਰ ਮੇਰ ਦਾ ਝਗੜਾ ਖ਼ਤਮ । ਪਰਾਏਪਨ ਦਾ ਅਹਿਸਾਸ ਖ਼ਤਮ। । ਚਿਰਾਂ ਤੋਂ ਭੀੜ 'ਚ ਗੁਆਚੇ ਬੰਦੇ ਨੂੰ ਆਪਣੇ ਲੋਕ ਲੱਭ ਗਏ ਨੇ । ਕਿਸੇ ਨਾਲ ਵੀ ਗੱਲਾਂ ਮਾਰੋ । ਹਰ ਕੋਈ ਤੁਹਾਡਾ ਹੈ ਤੇ ਤੁਸੀਂ ਹਰ ਕਿਸੇ ਦੇ ਹੋ । 'ਕੱਲੇ ਤੁਰਦੇ ਫਿਰਦੇ ਵੀ, ਤੁਸੀਂ 'ਕੱਲੇ ਮਹਿਸੂਸ ਨਈਂ ਕਰਦੇ । ਚਾਰੇ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਹੈ। ਕਿਤੇ ਜੈਕਾਰੇ ਗੂੰਜ ਰਹੇ ਨੇ, ਕਿਤੇ ਤਕਰੀਰ ਹੋ ਰਹੀ ਆ, ਕਿਤੇ ਕੋਈ ਗੀਤ ਗਾ ਰਿਹੈ। 'ਚੀਕ ਬੁਲਬਲੀ' ਮਾਰਨ ਦੀ ਵੀ ਖੁੱਲ੍ਹ ਹੈ । ਥਾਂ ਥਾਂ 'ਤੇ ਭਾਂਤ ਭਾਂਤ ਦਾ ਲੰਗਰ, ਅਤੁੱਟ ਵਰਤ ਰਿਹੈ - ਖਾਣ ਪੀਣ ਦੀਆਂ ਵਸਤਾਂ ਤੋਂ ਲੈ ਕੇ ਕਿਤਾਬਾਂ, ਦਵਾ ਦਾਰੂ , ਲੋਈਆਂ, ਗਦੈਲਿਆਂ, ਜੁਰਾਬਾਂ ਦਾ ਲੰਗਰ। ਕਿਸੇ ਨਾਲ ਮੋਢਾ ਵੱਜੇ ਤਾਂ ਕੋਈ ਅੱਖਾਂ ਨਈਂ ਕੱਢਦਾ ਸਗੋਂ 'ਸੌਰੀ ਬਾਈ ਜੀ' ਆਖਦਾ ਹੈ। ਉਦਾਸੀ, ਨਿਰਾਸਤਾ ਤੇ ਇਕੱਲਤਾ 'ਚ ਡੁੱਬੇ ਬੰਦੇ ਨੂੰ ਡਾਕਟਰ ਕੋਲ ਲਿਜਾਣ ਦੀ ਬਜਾਏ, ਏਥੇ ਲੈ ਆਓ, ਊਰਜਾ ਤੇ ਜ਼ਿੰਦਾਦਿਲੀ ਨਾਲ ਭਰ ਜਾਵੇਗਾ।



ਹੱਥਾਂ 'ਚ ਰੰਗ ਬਿਰੰਗੇ ਝੰਡੇ ਚੁੱਕੀਂ ਲੋਕਾਂ ਦੇ ਚਿਹਰਿਆਂ ਦਾ ਜਲੌਅ ਵੇਖਣ ਵਾਲਾ ਹੈ । ਹਰ ਰੰਗ ਦੇ ਲੋਕ ਨੇ ਏਥੇ ਪਰ ਇਕ ਗੱਲ ਸਾਂਝੀ ਹੈ , ਸਭ ਦਾ ਦੁਸ਼ਮਣ ਇਕੋ ਹੀ ਹੈ। ਟੀਵੀ ਰੌਲਾ ਪਾਈ ਜਾਂਦਾ ਹੈ- ਦੁਸ਼ਮਣ ਬਾਰਡਰ ਦੇ ਪਰਲੇ ਪਾਰ ਬੈਠਾ ਹੈ । ਪੰਜਾਬ ਦੀ ਅੱਖ ਖੁੱਲ੍ਹ ਗਈ ਹੈ-ਉਸ ਨੇ ਬਾਰਡਰ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਤੇ ਅਸਲ ਦੁਸ਼ਮਣ ਦੀ ਵੀ। ਕਮ ਸੇ ਕਮ ਪੰਜਾਬ ਨੂੰ ਹੁਣ ਇਸ ਬਾਬਤ ਕੋਈ ਭਰਮ ਭੁਲੇਖਾ ਨਹੀਂ ਰਿਹਾ। ਪੰਜਾਬ ਨੇ ਦੂਰ ਦੂਰ ਤਕ, ਹੋਰਾਂ ਨੂੰ ਵੀ ਜਾਗ ਲਾਈ ਹੈ-ਸੁੱਕੇ ਬਾਗ ਮੁੜ ਹਰੇ ਹੋਣ ਲਗ ਪਏ।

ਜਿਹੜੇ ਰਜਾਈਆਂ ਚ ਬੈਠੇ, ਫੇਸਬੁੱਕ, ਵਟਸਐਪ ਤੇ ਟੀਵੀ ਸਮਾਚਾਰਾਂ ਨੂੰ ਦੇਖ ਡਰੂੰ ਡਰੂੰ ਕਰੀ ਜਾਂਦੇ ਨੇ, ਉਨ੍ਹਾਂ ਨੂੰ ਕਰੋਨਾ ਉੱਡ ਕੇ ਮਿਲਦਾ ਹੈ। ਸੱਤਾ/ਸਥਾਪਤੀ ਐਸੇ ਲੋਕਾਂ ਨੂੰ ਟਾਰਚਾਂ ਮਾਰ ਮਾਰ ਭਾਲਦੀ ਹੈ। 'ਸਿੰਘੂ' ਤੇ 'ਟਿਕਰੀ' ਬਾਰਡਰ 'ਤੇ ਬੈਠਾ ਬੰਦਾ, ਜਿੱਤ ਹਾਰ ਤੋਂ ਪਾਰ ਦੀ ਅਵਸਥਾ ਵਿਚ ਹੈ। ਮਾਹੌਲ ਇੰਜ ਦਾ ਹੈ ਜਿਵੇਂ ਲੋਕ ਕੋਈ ਲੰਮੀ ਜੰਗ ਜਿੱਤ ਕੇ ਜਸ਼ਨ ਮਨਾ ਰਹੇ ਹੋਣ। ਕਰਾਮਾਤ ਤਾਂ ਹੋ ਗਈ। ਜਿਸ ਨੂੰ ਯਕੀਨ ਨਹੀਂ, ਆ ਕੇ ਆਪਣੇ ਅੱਖੀਂ ਦੇਖ ਲਵੇ। ਪ੍ਰੋ. ਪੂਰਨ ਸਿੰਘ ਜਿਸ ਪੁਰਾਣੇ ਤੇ ਸਾਂਝੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਰਿਹਾ, ਉਸ ਦੀ ਸਾਕਾਰ ਝਲਕ ਦੇਖਣੀ ਹੈ ਤੁਸੀਂ ਵੀ ਆ ਜਾਓ ਤੇ ਨਾਲੇ 'ਕਰੋਨਾ' ਤੋਂ ਬਚ ਜਾਓਗੇ । ਪੰਜਾਬ ਨੇ ਪਤਾ ਨਹੀਂ ਕਿੰਨੀਆਂ 'ਤੱਤੀਆਂ ਹਵਾਵਾਂ' ਚੋਂ ਲੰਘ ਕੇ ਠਰ੍ਹੰਮਾ ਹਾਸਲ ਕੀਤਾ ਹੈ। ਇਸ ਠਰ੍ਹੰਮੇ 'ਚੋਂ ਇਕ ਨਵੇਂ ਪੰਜਾਬ ਦੀ ਲੋਅ ਨਜ਼ਰ ਆਉਂਦੀ ਹੈ। ਸ਼ਾਲਾ ! ਇਸ ਲੋਅ ਨੂੰ 'ਤੱਤੀ ਵਾ' ਨਾ ਲੱਗੇ। 'ਜਾਗਦੇ ਸਿਰਾਂ' ਵਾਲਿਆਂ ਸਿਰ ਹੁਣ ਵੱਡੀ ਜ਼ਿੰਮੇਵਾਰੀ ਹੈ।

# ਕਿਸਾਨ ਸੰਘਰਸ਼ ਨੂੰ ਨਵਾਂ ਮੋੜ ਦੇਣ ਵਾਲਾ ਨਵਦੀਪ

## *ਜਿਸਦੀ ਹਵਾਈ ਛਾਲ ਨੇ ਦਿੱਲੀ ਵਲ ਵੱਧਣ ਦਾ ਸਿਰਜਿਆ ਲਾਸਾਨੀ ਬਿਰਤਾਂਤ*

ਛੱਤੀ ਸਾਲਾਂ ਦੇ ਨਵਦੀਪ ਸਿੰਘ ਦੀ ਸਖਸ਼ੀਅਤ ਚ ਮੌਜੂਦਾ ਕਿਸਾਨ ਸੰਘਰਸ਼ ਦੇ ਨੌਜਵਾਨ ਯੋਧੇ ਵਜੋਂ ਪੂਰੀ ਤਰ੍ਹਾਂ ਨਿਖ਼ਾਰ ਆ ਗਿਆ ਹੈ। ਉਸ ਵਿੱਚ ਜਿਥੇ ਅਕਹਿ ਦ੍ਰਿੜਤਾ ਹੈ, ਉਥੇ ਲੋਹੜੇ ਦੀ ਹਲੀਮੀ ਤੇ ਜੀਰਾਂਦ ਹੈ। ਪੜ੍ਹਿਆ ਲਿਖਿਆ ਉੱਚੇ ਲੰਬੇ ਕੱਦ ਦਾ ਹੈ ਇਹ ਨੌਜਵਾਨ ਉਸ ਵੇਲੇ ਲੋਕ ਮਨਾਂ ਵਿਚ ਵਾਸ ਕਰ ਗਿਆ ਜਦ ਉਸਨੇ 25 ਨਵੰਬਰ ਨੂੰ ਅੰਬਾਲਾ ਨੇੜੇ ਮੋਹੜਾ ਦਾਣਾ ਮੰਡੀ ਦੇ ਕੋਲ ਅੱਖ ਦੇ ਫੋਰ ਵਿਚ ਲੋਕਾਂ ਉਤੇ ਕਹਿਰ ਢਾਹ ਰਹੀ ਪੁਲਿਸ ਦੀ ਜਲ ਤੋਪ ਦਾ ਮੋਹ ਮੋੜ ਦਿੱਤਾ। ਜਿਸ ਫੁਰਤੀ ਤੇ ਦਲੇਰੀ ਨਾਲ ਉਸਨੇ ਇਹ ਕੰਮ ਕੀਤਾ ਉਹ ਹੁਣ ਦੰਦ ਕਥਾ ਬਣ ਗਿਆ ਹੈ। ਭਾਵੇਂ ਪੁਲਿਸ ਨੇ ਉਸਦੇ ਤੇ ਉਸਦੇ ਸਾਥੀਆਂ ਖਿਲਾਫ ਇਰਾਦਾ ਕਤਲ ਤੇ ਹੋਰ ਬੜੀਆਂ ਕਰੜੀਆਂ ਧਾਰਾਵਾਂ ਅਧੀਨ ਅੰਬਾਲਾ ਨੇੜੇ ਪਰਾਓ ਠਾਣੇ ਚ ਕੇਸ ਦਰਜ ਕਰ ਲਿਆ ਹੈ ਪਰ ਉਸ ਨੂੰ ਇਸਦੀ ਜਿਆਦਾ ਪ੍ਰਵਾਹ ਨਹੀਂ ਹੈ। ਪਹਿਲਾਂ ਸਤੰਬਰ ਮਹੀਨੇ 'ਚ ਵੀ ਉਸਦੇ ਖ਼ਿਲਾਫ਼ ਅਜੇਹੇ ਕੇਸ ਦਰਜ਼ ਹੋਏ ਸੀ।

ਨਵਦੀਪ ਦਾ ਕਹਿਣਾ ਹੈ ਕਿ ਉਸਦਾ ਸਬੰਧ ਕਿਸਾਨੀ ਪਰਿਵਾਰ ਨਾਲ ਹੈ। ਉਸਦਾ ਪਿੰਡ ਅੰਬਾਲੇ ਤੋਂ ਕੁਝ ਦੂਰ ਜਲਵੇੜਾ ਹੈ। ਉਹਨਾਂ ਕੋਲ 18 ਕਿਲ੍ਹੇ ਜਮੀਨ ਹੈ। ਚੰਗਾ ਗੁਜ਼ਾਰਾ ਹੈ।ਦੱਬ ਕੇ ਖੇਤੀ ਕਰਦੇ ਨੇ। ਉਸਦਾ ਪਿਤਾ ਭਾਰਤੀ ਕਿਸਾਨ ਯੂਨੀਅਨ , ਜਿਸਦਾ ਮੁਖੀ ਗੁਰਨਾਮ ਸਿੰਘ ਚੜੂਨੀ ਹੈ , ਦਾ ਸਰਗਰਮ ਕਾਰਕੁਨ ਹੈ। ਆਪਣੇ ਪਿਤਾ ਨਾਲ ਹੁਣ ਉਹ ਵੀ ਇਸ ਯੂਨੀਅਨ ਵਿਚ ਸਰਗਰਮ ਹੈ। ਉਸਦੇ ਨਾਲ ਹਮ ਖਿਆਲ ਨੌਜਵਾਨਾਂ ਦਾ ਵੱਡਾ ਕਾਫਲਾ ਹੈ। ਉਹ ਅੰਬਾਲਾ ਜਿਲ੍ਹੇ ਚ ਸਰਗਰਮ ਹਨ। ਉਹ ਜ਼ਿਆਦਾਤਰ ਹਰਿਆਣਵੀ 'ਚ ਗੱਲ ਕਰਦਾ ਹੈ ਪਰ ਪੰਜਾਬੀ ਵੀ ਵਧੀਆ ਬੋਲਦਾ ਹੈ। ਉਸ ਨੂੰ ਪੰਜਾਬੀ ਗਾਣੇ ਸੁਣਨ ਦਾ ਕਾਫੀ ਸ਼ੌਂਕ ਹੈ।

ਨਵਦੀਪ ਦਾ ਕਹਿਣਾ ਹੈ ਕਿ ਉਹਨਾਂ ਨੇ 25 ਨਵੰਬਰ ਨੂੰ ਪਿੰਡੋਂ ਦਿੱਲੀ ਲਈ ਚਾਲੇ ਪਾ ਦਿੱਤੇ ਸਨ। ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ



26-27 ਨਵੰਬਰ ਨੂੰ ਪਹੁੰਚਣ ਲਈ ਕਿਹਾ ਸੀ। ਪਰ ਨਵਦੀਪ ਤੇ ਉਸਦੇ ਇਲਾਕੇ ਦੇ ਹਜਾਰਾਂ ਕਿਸਾਨ ਇਕ ਦਿਨ ਪਹਿਲਾਂ ਹੀ 25 ਨਵੰਬਰ ਨੂੰ ਦਿੱਲੀ ਲਈ ਚੱਲ ਪਏ। ਜਦੋਂ ਉਹ ਮੋਹੜਾ ਦਾਣਾ ਮੰਡੀ ਨੇੜੇ ਪਹੁੰਚੇ ਤਾਂ ਪੁਲਿਸ ਨੇ ਉਹਨਾਂ ਰੋਕ ਲਿਆ। ਪੁਲਿਸ ਨੇ ਵੱਡਾ ਬੈਰੀਅਰ ਲਗਾ ਰੱਖਿਆ ਸੀ। ਨਵਦੀਪ ਦੀ ਯੂਨੀਅਨ ਦੇ ਵੱਡੇ ਆਗੂਆਂ ਨੇ ਪੁਲਿਸ ਨੂੰ ਕਿਹਾ ਕੇ ਉਹ ਦਿੱਲੀ ਜਾ ਰਹੇ ਨੇ। ਉਹਨਾਂ ਨੂੰ ਲੰਘਣ ਦਿਤਾ ਜਾਵੇ। ਪੁਲਿਸ ਨੇ ਕਿਹਾ ਕਿ ਉਹ ਉਪਰ ਗੱਲ ਕਰ ਰਹੇ ਨੇ ਤੇ ਅੱਧੇ ਘੰਟੇ 'ਚ ਦਸਸ ਦੇਣਗੇ। ਪਰ ਨਵਦੀਪ ਕਹਿੰਦਾ ਕਿ ਪੁਲਿਸ ਉਹਨਾਂ ਨਾਲ ਚਲਾਕੀ ਕਰ ਰਹੀ ਸੀ। ਅੱਧੇ ਘੰਟੇ ਚ ਅਫਸਰਾਂ ਨੇ ਹੋਰ ਪੁਲਿਸ ਬੁਲਾ ਲਈ। ਜਲ੍ਹ ਤੋਪਾਂ ਵੀ ਆ ਗਈਆਂ। ਯੂਨੀਅਨ ਦੇ ਆਗੂਆਂ ਨੇ ਬੈਰੀਕੇਡ ਤੋੜਨ ਲਈ ਅਗੇ ਵੱਧਣਾ ਸ਼ੁਰੂ ਕੀਤਾ। ਪੁਲਿਸ ਨੇ ਜਲ੍ਹ ਤੋਪਾਂ ਦਾ ਮੂੰਹ ਖੋਲ੍ਹ ਦਿੱਤਾ। ਉਸ ਸਮੇਂ ਬੇਮਿਸਾਲ ਬਹਾਦਰੀ ਦਿਖਾਉਂਦੇ ਹੋਏ ਨਵਦੀਪ ਬੜੀ ਫੁਰਤੀ ਨਾਲ ਇਕ ਜਲ੍ਹ ਤੋਪ ਉਤੇ ਚੜ੍ਹ ਗਿਆ ਤੇ ਉਸਦਾ ਮੂੰਹ ਕਿਸਾਨਾਂ ਵੱਲੋਂ ਦੂਜੀ ਤਰਫ ਘੁਮਾ ਦਿੱਤਾ। ਜਿੱਧਰ ਘੁੰਮਾਇਆ ਉੱਧਰ ਪੁਲਿਸ ਖੜੀ ਸੀ। ਪਾਣੀ ਨਾਲ ਪੁਲਿਸ ਵਾਲੀ ਟੁਕੜੀ ਗੱਚ ਹੋ ਗਈ। ਤੇ ਪੁਲੀਸ ਦੇ ਦੇਖਦਿਆਂ ਦੇਖਦਿਆਂ ਕਿਸਾਨ ਦਬਾ ਦੱਬ ਬੈਰੀਕੇਡ ਪਾਰ ਕਰਕੇ ਔਹ ਗਏ...ਔਹ ਗਏ।

ਨਵਦੀਪ ਕਹਿੰਦਾ ਹੈ ਕਿ ਉਸ ਦਿਨ ਠੰਡ ਬਹੁਤ ਪੈ ਰਹੀ ਸੀ। ਜਦੋਂ ਪੁਲਿਸ ਨੇ ਕਿਸਾਨਾਂ ਵਲ ਜਲ੍ਹ ਤੋਪ ਦਾ ਮੂੰਹ ਕੀਤਾ ਤਾਂ ਕਿਸਾਨ ਭਿੱਜ ਗਏ। ਬਹੁਤ ਸਾਰੇ ਬੁਜ਼ਰਗ, ਬੱਚੇ ਵੀ ਨਾਲ ਸਨ ਉਹਨਾਂ ਦੀ ਹਾਲਤ ਪਾਣੀ ਵੱਜਣ ਨਾਲ ਖ਼ਰਾਬ ਹੋ ਰਹੀ ਸੀ। ਨਾਲੇ ਟਰਾਲੀਆਂ 'ਚ ਖਾਣ ਪੀਣ ਦਾ ਸਾਮਾਨ ਆਟਾ, ਦਾਲਾਂ, ਚੀਨੀ ਹੋਰ ਸਾਮਾਨ ਵੀ ਸੀ। ਪਾਣੀ ਦੀਆਂ ਬੁਛਾੜਾਂ ਵੱਜਣ ਕਰਕੇ ਉਹ ਵੀ ਖ਼ਰਾਬ ਹੋ ਰਿਹਾ ਸੀ। ਇਸ ਕਰਕੇ ਉਸ ਨੂੰ ਲੱਗਿਆ ਕਿ ਜੇ ਜਲ ਤੋਪ ਦਾ ਮੂੰਹ ਦੂਜੇ ਪਾਸੇ ਘੁਮਾ ਦਿੱਤਾ ਜਾਵੇ ਤਾਂ ਬੱਚਤ ਹੋ ਸਕਦੀ ਹੈ। ਇਹ ਸ਼ੋਚ ਕੇ ਉਸਨੇ ਇਹ ਸਭ ਕੁੱਝ ਕੀਤਾ। ਪਰ ਹਾਲੇ ਉਹ ਜਲ ਤੋਪ ਦੇ ਉੱਪਰ ਹੀ ਸੀ ਜਦੋਂ ਇਕ ਪੁਲਿਸ ਵਾਲਾ ਉੱਪਰ ਚੜ੍ਹ ਗਿਆ ਤੇ ਉਸਨੂੰ ਫੜਨ ਲੱਗਾ। ਨਵਦੀਪ ਮੌਕਾ ਦੇਖ ਕੇ ਹਵਾ ' ਕੁੱਦ ਪਿਆ ਅਤੇ ਨਾਲ ਆਉਂਦੀ ਟਰਾਲੀ 'ਚ ਛਾਲ ਮਾਰ ਦਿੱਤੀ। ਨਵਦੀਪ ਦੀ ਉਸ ਛਾਲ ਨੇ ਕਿਸਾਨ ਸੰਘਰਸ਼ ਦਾ ਲਾਸਾਨੀ ਬਿਰਤਾਂਤ ਸਿਰਜ ਦਿੱਤਾ। ਨੌਜਵਾਨਾਂ ਨੂੰ ਆਪਣੇ 'ਚੋਂ ਹੀ ਇਕ ਹੋਰ ਨਾਇਕ ਲੱਭ ਗਿਆ। ਉਸ ਤੋਂ ਬਾਅਦ ਕਿਸਾਨਾਂ ਨੇ ਅਗਲੇ ਦਿਨ ਕਿੰਨੇ ਬੈਰੀਕੇਡ ਤੋੜੇ ਉਸਦੀ ਗਿਣਤੀ ਕਰਨੀ ਬੇਅਰਥ ਹੈ। ਜਿਹੜੀ ਦਿੱਲੀ ਦੂਰ ਹੋਈ ਖੜੀ ਸੀ , ਉਸਦਾ ਪੈਂਡਾ ਕਿਸਾਨਾਂ ਨੇ ਮਿੰਟਾਂ ਸਕਿੰਟਾਂ ਚ ਹੀ ਤਹਿ ਕਰ ਲਿਆ ਤੇ ਸਿੰਘੂ , ਟਿੱਕਰੀ, ਕੁੰਡਲੀ ਬਾਰਡਰ ਉਤੇ ਪਹੁੰਚ ਡੇਰੇ ਲਾਏ।

**ਪੇਸ਼ਕਸ਼: ਐੱਸ ਐੱਸ ਧਾਲੀਵਾਲ**

## 26 ਨੂੰ ਇਹ ਸਾਨੂੰ ਮਾਰਨ ਲਈ ਆਉਣਗੇ ਤੇ ਅਸੀਂ ਮਰਨ ਲਈ ਜਾਵਾਂਗੇ

*ਹਰਿਆਣਾ ਦੇ ਕਿਸਾਨ ਆਗੂ ਸਰਦਾਰ ਗੁਰਨਾਮ ਸਿੰਘ ਚੜੂਨੀ ਕਿਸਾਨ ਮੋਰਚੇ ਦੇ ਹਰਮਨ-ਪਿਆਰੇ, ਨਿਧੜਕ ਤੇ ਨਿਡਰ ਆਗੂ ਵਜੋਂ ਉੱਭਰੇ ਹਨ। ਉਨ੍ਹਾਂ ਦੀਆਂ ਸਿੱਧੀਆਂ ਤੇ ਸਪੱਸ਼ਟ ਗੱਲਾਂ ਦਿਲ 'ਚ ਉੱਤਰ ਜਾਂਦੀਆਂ। ਜਿਸ ਤਰਾਂ ਉਹ ਸੰਘਰਸ 'ਚ ਸਾਮਲ ਲੋਕਾਂ ਨਾਲ ਖੜ੍ਹਦੇ ਹਨ, ਉਹ ਬਾਕਮਾਲ ਹੈ। ਹਰ ਸੰਕਟ ਦੀ ਘੜੀ ਉਹ ਮੌਕਾ ਸਾਂਭਦੇ, ਬਹੁਤ ਸਾਫ ਸ਼ਬਦਾਂ ਤੇ ਸਪੱਸ਼ਟ ਲਹਿਜੇ 'ਚ ਆਪਣੀ ਗੱਲ ਕਹਿੰਦੇ ਹਨ। 8 ਜਨਵਰੀ ਦੀ ਮੀਟਿੰਗ ਤੋਂ ਬਾਅਦ ਸ. ਗੁਰਨਾਮ ਸਿੰਘ ਚੜੂਨੀ ਦਾ ਕਰਾਰਾ ਪ੍ਰਤਿਕਰਮ:*



“ਅੱਜ ਸਾਡੀ ਕੋਈ ਵੀ ਉਮੀਦ ਨਹੀਂ ਬਚੀ, ਸਾਰੀਆਂ ਉਮੀਦਾਂ ਟੁੱਟ ਗਈਆਂ ਹਨ। ਬੱਸ 26 ਜਨਵਰੀ ਨੂੰ ਸਾਰੇ ਇਕੱਠੇ ਹੋ ਕੇ ਆ ਜਾਓ, ਅਸੀਂ ਇਨ੍ਹਾਂ ਦੀਆਂ ਰੋਕਾਂ ਤੋੜਾਂਗੇ। ਇਹ ਸਾਨੂੰ ਗੋਲੀ ਮਾਰਨਗੇ, ਡੰਡੇ ਮਾਰਨਗੇ। ਇਹ ਸਰਕਾਰ ਸਾਨੂੰ ਕੀੜੇ ਮਕੌੜੇ ਸਮਝ ਰਹੀ ਹੈ। ਸਾਡੇ 70 ਬੰਦੇ ਮਰ ਗਏ ਹਨ, ਔਸਤਨ ਦੋ ਲਾਸ਼ਾਂ ਰੋਜ਼ ਘਰਾਂ ਨੂੰ ਜਾ ਰਹੀਆਂ ਹਨ। ਸਰਕਾਰ ਦੇ ਮੂੰਹੋਂ ਅਫ਼ਸੋਸ ਦਾ ਇਕ ਸ਼ਬਦ ਨਹੀਂ ਫੁੱਟਿਆ। ਸਰਕਾਰ ਸਾਨੂੰ 26 ਨੂੰ ਗੋਲੀਆਂ ਮਾਰੇਗੀ, ਹੋ ਸਕਦਾ ਹੈ ਪਹਿਲਾਂ ਵੀ ਮਾਰੇ। ਸਾਨੂੰ ਸਮਝ ਨਹੀਂ ਆਉਂਦੀ ਕਿ ਮੰਤਰੀ ਆਉਂਦੇ ਹਨ, ਹਫ਼ਤੇ ਦੀ ਤਰੀਕ ਦੇ ਕੇ ਚਲਦੇ ਬਣਦੇ ਹਨ। ਸੁਪਰੀਮ ਕੋਰਟ ਦੀ ਭੂਮਿਕਾ ਬਾਰੇ ਬੋਲਦਿਆਂ ਸ. ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਸੁਪਰੀਮ ਵਿਚ ਵੀ ਕੁੱਝ ਨਹੀਂ ਹੈ। ਸੁਪਰੀਮ ਕੋਰਟ ਨਾ ਕਾਨੂੰਨ ਬਣਾ ਸਕਦੀ ਹੈ, ਨਾ ਬਣੇ ਹੋਏ ਨੂੰ ਤੋੜ ਸਕਦੀ ਹੈ। ਸਰਕਾਰੀ ਹਲਕੇ ਸੁਪਰੀਮ ਕੋਰਟ ਦੇ ਨਾਂ 'ਤੇ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਨ।

ਹੁਣ ਸਰਕਾਰ ਕੋਲ 26 ਤਰੀਕ ਤਕ ਹੀ ਵਕਤ ਬਚਿਆ ਹੈ। ਉਸ ਨੇ ਇਸੇ ਸਮੇਂ ਦੌਰਾਨ ਜੋ ਕਰਨਾ ਹੈ ਕਰ ਲਵੇ। ਮੀਟਿੰਗਾਂ ਬੁਲਾ ਲਵੇ, ਆਪਣੇ ਬੰਦਿਆਂ ਨਾਲ ਸਲਾਹ ਕਰਨੀ ਹੈ ਤਾਂ ਕਰ ਲਵੇ। ਪਰ 26 ਨੂੰ ਹੁਣ ਫਾਈਨਲ ਮੈਚ ਹੋਵੇਗਾ। ਬੱਸ 26 ਨੂੰ ਇਹ ਸਾਨੂੰ ਮਾਰਨ ਲਈ ਆਉਣਗੇ ਤੇ ਅਸੀਂ ਮਰਨ ਲਈ ਜਾਵਾਂਗੇ। ਨਾਉਮੀਦੀ ਸਿਖਰ 'ਤੇ ਪਹੁੰਚ ਗਈ ਹੈ। ਵਾਹਿਗੁਰੂ ਮਿਹਰ ਕਰੇ।”

## ਪੰਜਾਬ ਸੁਸਾਇਟੀ ਫਾਰ ਫਾਰਮਰਜ ਵਲੋਂ ਕਿਸਾਨ ਮੋਰਚੇ ਵਾਸਤੇ ਟੈਂਟਾਂ ਬਿਸਤਰਿਆਂ ਤੇ ਹੋਰ ਵਸਤਾਂ ਦੀ ਸੇਵਾ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਖੇਤੀ ਵਿਰੋਧੀ ਕਾਨੂੰਨਾਂ ਦੀ ਵਾਪਸੀ ਲਈ ਰਾਜਧਾਨੀ ਦਿੱਲੀ ਦੀ ਘੇਰਾਬੰਦੀ ਕਰੀ ਬੈਠੇ ਕਿਸਾਨਾਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਵੇਖਦੇ ਹੋਏ ਵੱਖ ਵੱਖ ਪਾਸਿਓਂ ਸਹਾਇਤਾ ਅਤੇ ਸਹਿਯੋਗ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਇਸੇ ਭਾਵਨਾ ਹੇਠ ਚੰਡੀਗੜ੍ਹ ਅਤੇ ਆਸ ਪਾਸ ਵਸਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਿਦਿਆਰਥੀਆਂ ਅਤੇ ਹੋਰਨਾਂ ਨੇ ਪੰਜਾਬ ਸੁਸਾਇਟੀ ਫਾਰ ਫਾਰਮਰਜ (ਪੰਜਾਬ ਕਿਸਾਨ ਹਮਾਇਤੀ ਸਭਾ) ਕਾਇਮ ਕਰਦਿਆਂ ਜ਼ਰੂਰੀ ਵਸਤਾਂ ਦਾ ਭਰਿਆ ਇੱਕ ਟਰੱਕ ਸਿੰਘੂ ਅਤੇ ਟਿਕਰੀ ਬਾਡਰਾਂ ਉੱਤੇ ਲੋਹੜੇ ਦੀ ਸਰਦੀ ਵਿੱਚ ਮੋਰਚਾ ਲਾਈ ਬੈਠੇ ਕਿਸਾਨ ਵਾਸਤੇ ਭੇਜਿਆ। ਇਸ 7 ਮੈਂਬਰੀ ਸੁਸਾਇਟੀ ਦੇ ਬੁਲਾਰੇ ਗੁਰਚਰਨ ਸਿੰਘ ਸਾਬਕਾ ਬੈਂਕ ਅਧਿਕਾਰੀ ਨੇ ਦਸਿਆ ਕਿ ਉਨ੍ਹਾਂ ਦੀ ਟੀਮ ਨੇ ਲੋਹੇ ਦੀਆਂ ਪਾਈਪਾਂ ਵਾਲੇ 15 ਟੈਂਟ, 100 ਬਿਸਤਰੇ, ਟੋਇਲਟਸ ਦੀਆਂ 60 ਸੀਟਾਂ, ਫਿਲਮਾਂ ਵੇਖਣ ਲਈ 4 ਪਰਜੈਕਟਰਾਂ ਤੋਂ ਇਲਾਵਾ ਤਾਰਪੀਨਾਂ ਅਤੇ ਬਾਸਾਂ ਦਾ ਭਰਿਆ ਇੱਕ ਟਰੱਕ ਕਿਸਾਨਾਂ ਵਿੱਚ ਲਿਜਾ ਕੇ ਸਾਰੀਆਂ ਵਸਤਾਂ ਮੋਰਚੇ ਵਿਖੇ ਵੰਡੀਆਂ। ਉਨ੍ਹਾਂ ਦੇ ਸਹਿਯੋਗੀ ਅਤੇ ਪੰਜਾਬ ਸਰਕਾਰ ਦੇ ਸਾਬਕਾ ਉੱਚ ਅਧਿਕਾਰੀ ਸੁਖਦੇਵ ਸਿੰਘ ਨੇ ਕਿਸਾਨਾਂ ਦੇ ਮੋਰਚੇ ਦੀ ਸਫ਼ਲਤਾ ਲਈ ਕਾਮਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਭਵਿੱਖ ਵਿੱਚ ਵੀ ਇਹ ਸਮਾਜ ਸੇਵੀ ਕਾਰਜ ਜਾਰੀ ਰੱਖੇਗੀ।




*ਪੰਜਾਬ ਸੁਸਾਇਟੀ ਫਾਰ ਫਾਰਮਰਜ ਦੇ ਟੀਮ ਮੈਂਬਰ ਸਿੰਘੂ ਬਾਡਰ ਵਿਖੇ ਸਹਾਇਤਾ ਸਮੱਗਰੀ ਸਮੇਤ।*

ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ ਦੇ ਹੱਕ ਵਿੱਚ ਸਰਗਰਮ ਵਖ ਵੱਖ ਜਥੇਬੰਦੀਆਂ ਨੂੰ ਸੇਵਾ ਕਾਰਜਾਂ ਤੋਂ ਇਕੱਠਾਂ, ਸੈਮੀਨਾਰਾਂ ਅਤੇ ਵਿਚਾਰ ਵਟਾਂਦਰਿਆਂ ਦਾ ਸਿਲਸਿਲਾ ਵੀ ਸ਼ੁਰੂ ਕਰਨਾ ਚਾਹੀਦਾ ਤਾਂ ਜੋ ਮੋਰਚੇ ਨੂੰ ਹੋਰ ਮਜਬੂਤੀ ਅਤੇ ਬਲ ਮਿਲੇ। ਇਸ ਤਰ੍ਹਾਂ ਆਮ ਲੋਕਾਂ ਦੀ ਕਿਸਾਨਾਂ ਨੂੰ ਹਮਾਇਤ ਵੀ ਵਧੇਗੀ।

## 'ਗਣਤੰਤਰ' ਬਚਾਉਣ ਲਈ

ਸ਼ਿਰਕਤ ਕੀਤੀ, ਉਥੇ ਆਉਣ ਵਾਲੀ 26 ਜਨਵਰੀ ਦੀ 'ਦਿੱਲੀ ਪਰੇਡ' ਲਈ ਔਰਤਾਂ ਨੇ ਉਚੇਚੇ ਤੌਰ 'ਤੇ ਟਰੈਕਟਰ ਚਲਾਉਣ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਹਰ ਪਿੰਡ 'ਚੋਂ 10 ਔਰਤਾਂ ਨੂੰ 26 ਜਨਵਰੀ ਦੇ ਮਾਰਚ ਲਈ ਦਿੱਲੀ ਸੱਦਿਆ ਹੈ। ਉੱਤਰ ਪ੍ਰਦੇਸ਼ ਦੀਆਂ ਕਿਸਾਨ ਜਥੇਬੰਦੀਆਂ ਵਲੋਂ ਵੀ ਅਜਿਹੀ ਅਪੀਲ ਹੋ ਰਹੀ ਹੈ।

ਕਾਲੇ ਕਾਨੂੰਨ ਰੱਦ ਨਾ ਕਰਨ ਦੀ ਜ਼ਿਦ ਅਤੇ ਅੜੀ 'ਤੇ ਆਈ ਨਰਿੰਦਰ ਮੋਦੀ ਸਰਕਾਰ ਨੇ ਅਗਲੀ ਮੀਟਿੰਗ 15 ਜਨਵਰੀ ਨੂੰ ਰੱਖੀ ਹੈ। ਉਸ ਦਾ ਮਕਸਦ ਸਾਫ਼-ਸਾਫ਼ ਦਿਖਾਈ ਦਿੰਦਾ ਹੈ ਕਿ ਉਹ ਤਰੀਕ 'ਤੇ ਤਰੀਕ ਪਾ ਕੇ ਮਸਲੇ ਨੂੰ ਲਮਕਾਉਣਾ ਚਾਹੁੰਦੀ ਹੈ। ਉਹਦੇ ਇਰਾਦੇ ਬਹੁਤ ਖ਼ਤਰਨਾਕ ਜਾਪਦੇ ਹਨ। ਜਾਂ ਤਾਂ ਉਹ ਕੋਈ ਵੱਡਾ ਕਾਂਡ ਰਚਣ ਦੀ ਤਿਆਰੀ ਵਿਚ ਹੈ ਜਾਂ ਮਸਲਾ ਲਮਕਾ ਕੇ ਕਿਸਾਨਾਂ ਨੂੰ ਥਕਾਉਣ ਦੇ ਭਰਮ ਪਾਲ ਰਹੀ ਹੈ। ਪਰ ਕਿਸਾਨਾਂ ਦਾ ਸ਼ਾਂਤੀਪੂਰਨ ਅੰਦੋਲਨ ਅਤੇ ਬੁਲੰਦ ਹੌਸਲੇ ਸਰਕਾਰ ਨੂੰ ਹਰ ਹਾਲ ਵਿਚ ਝੁਕਾ ਕੇ ਹੀ ਦਮ ਲੈਣ ਦੇ ਅਹਿਦ ਲੈ ਰਹੇ ਹਨ। ਆਉਂਦੀ 26 ਜਨਵਰੀ ਨੂੰ ਕਿਸਾਨਾਂ ਵਲੋਂ ਦਿੱਲੀ ਵਿਚ ਪੁਰ-ਅਮਨ ਤਰੀਕੇ ਨਾਲ 20 ਲੱਖ ਕਿਸਾਨਾਂ ਨਾਲ ਗਣਤੰਤਰ ਦਿਵਸ ਦੇ ਬਰਾਬਰ ਪਰੇਡ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸੇ ਦੌਰਾਨ ਖ਼ਬਰ ਆਈ ਹੈ ਕਿ ਨਾਨਕਸਰ ਸੰਪਰਦਾਇ ਨਾਲ ਜੁੜੇ ਬਾਬਾ ਲੱਖਾ ਸਿੰਘ ਨੇ ਆਪੇ ਆਪਣੀ ਵਿਚੋਲਗੀ ਪੇਸ਼ ਕਰਦਿਆਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨਾਲ ਗੱਲਬਾਤ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਜਦ ਕਿਸਾਨ ਸਿੱਧਾ ਸਰਕਾਰ ਨਾਲ ਗੱਲਬਾਤ ਕਰ ਰਹੇ ਹਨ ਤਾਂ ਅਜਿਹੇ ਸੰਵੇਦਨਸ਼ੀਲ ਮਾਹੌਲ ਵਿਚ ਕਿਸੇ ਦੀ ਵਿਚੋਲਗੀ ਦੀ ਕੀ ਲੋੜ ਆ ਪਈ ? ਪਰ ਜਦੋਂ ਬਾਬਾ ਲੱਖਾ ਸਿੰਘ ਇਹ ਕਹਿ ਰਹੇ ਹਨ ਕਿ 'ਤੋਮਰ ਜੀ ਭਾਵੁਕ ਹੋ ਗਏ... ਉਹ ਰੋ ਪਏ' ਤਾਂ ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਉਹ ਸਰਕਾਰ ਦੇ ਗਵਾਹ ਬਣੇ ਹਨ ਜਾਂ ਕਿਸਾਨਾਂ ਨਾਲ ਖੜ੍ਹੇ ਹਨ। ਇਸ ਅੰਦੋਲਨ ਦੌਰਾਨ ਹੁਣ ਤੱਕ 70 ਦੇ ਕਰੀਬ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ ਤੇ ਬਾਬਾ ਲੱਖਾ ਸਿੰਘ ਨੂੰ 'ਤੋਮਰ ਦੇ ਹੰਝੂ' ਨਜ਼ਰ ਆ ਰਹੇ ਹਨ ਪਰ ਇਨ੍ਹਾਂ ਕਿਸਾਨ ਪਰਿਵਾਰਾਂ ਦੇ ਨਹੀਂ।

ਸਰਕਾਰ ਦੀ ਨੀਅਤ ਵਾਂਗ ਮੌਸਮ ਵੀ ਕਿਸਾਨਾਂ-ਮਜ਼ਦੂਰਾਂ ਦਾ ਵੈਰੀ ਬਣਿਆ ਹੈ ਪਰ ਜਿਸਮ ਚੀਰਦੀ ਠੰਢ ਤੇ ਮੀਂਹ ਦੇ ਬਾਵਜੂਦ ਕਿਸਾਨਾਂ ਦੇ ਇਰਾਦੇ ਡਗਮਾਉਣ ਦੀ ਥਾਂ ਹੋਰ ਬੁਲੰਦ ਹੋਏ ਹਨ।

9ਵੇਂ ਦੌਰ ਦੀ ਸਰਕਾਰ-ਕਿਸਾਨ ਵਾਰਤਾ ਦੌਰਾਨ ਸਰਕਾਰ ਵਲੋਂ ਕਿਸਾਨਾਂ ਨੂੰ ਸੁਪਰੀਮ ਕੋਰਟ ਵਿਚ ਜਾਣ ਦੀ ਸਲਾਹ ਦੱਸਦੀ ਹੈ ਕਿ ਇਹ ਸਰਕਾਰ ਪੂਰੀ ਤਰ੍ਹਾਂ ਬੇਬਸ ਹੋ ਚੁੱਕੀ ਹੈ। ਉਹ ਹੁਣ ਉਸ ਸੁਪਰੀਮ ਕੋਰਟ ਦਾ ਆਸਰਾ ਭਾਲ ਰਹੀ ਹੈ, ਜਿਸ ਦੇ ਪਿਛਲੇ ਤਿੰਨ ਕੁ ਸਾਲ ਦੇ ਫੈਸਲਿਆਂ ਨੇ ਦਰਸਾਇਆ ਹੈ ਕਿ ਸਾਡੇ ਮੁਲਕ ਵਿਚ 'ਬਾਗ਼ੀ ਕੋਹੀਂ ਦੀਵਾ ਬਲਣ' ਦੀ ਕਹਾਵਤ ਨੂੰ ਵੀ ਹਕੂਮਤੀ ਹਨੇਰੀ ਬੁਝਾਉਣ ਨੂੰ ਆ ਪਈ ਹੈ। ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਦਾ ਆਪਣੇ ਕਾਰਜਕਾਲ ਦੇ ਆਖ਼ਰੀ ਦਿਨ ਵਿਵਾਦਗ੍ਰਸਤ ਅਯੁਧਿਆ ਮਾਮਲੇ 'ਤੇ ਦਿੱਤਾ ਫੈਸਲਾ ਤੇ ਸੇਵਾਮੁਕਤੀ ਤੋਂ ਛੇਤੀ ਹੀ ਬਾਅਦ ਮੋਦੀ ਸਰਕਾਰ ਵਲੋਂ ਉਨ੍ਹਾਂ ਨੂੰ ਰਾਜ ਸਭਾ ਦੀ ਮੈਂਬਰੀ ਲਈ ਨਾਮਜ਼ਦ ਕਰਨਾ ਇਸ ਦੀ ਪ੍ਰਤਖ ਮਿਸਾਲ ਹੈ। ਪਰ ਕਿਸਾਨ ਆਗੂਆਂ ਨੇ ਸਾਫ਼ ਕਰ ਦਿੱਤਾ ਹੈ ਕਿ ਖੇਤੀ ਸੁਧਾਰਾਂ ਦੇ ਨਾਂਅ 'ਤੇ ਕਾਲੇ ਕਾਨੂੰਨ ਭਾਰਤ ਸਰਕਾਰ ਲੈ ਕੇ ਆਈ ਹੈ ਤੇ ਸਾਡੀ ਲੜਾਈ ਸਰਕਾਰ ਨਾਲ ਹੈ ਤੇ ਇਹਦਾ ਨਬੇੜਾ ਵੀ ਸਰਕਾਰ ਨੂੰ ਹੀ ਕਰਨਾ ਪੈਣਾ ਹੈ। ਨਾਲ ਹੀ ਕਿਸਾਨਾਂ ਵਲੋਂ ਇਹ ਵੀ ਸਾਫ਼ ਕਰ ਦਿੱਤਾ ਗਿਆ ਹੈ ਕਿ 26 ਜਨਵਰੀ ਦੀ ਦਿੱਲੀ ਟਰੈਕਟਰ ਪਰੇਡ ਕਿਸਾਨ ਅੰਦੋਲਨ ਦਾ ਅਗਲਾ ਪੜਾਅ ਹੈ, ਅੰਤਮ ਨਹੀਂ। ਇਨ੍ਹਾਂ ਪ੍ਰਸਥਿਤੀਆਂ ਵਿਚ ਜੇਕਰ ਨਰਿੰਦਰ ਮੋਦੀ ਸਰਕਾਰ ਕਿਸਾਨਾਂ ਦੀ 'ਜਿਤਾਂਗੇ ਜਾਂ ਮਰਾਂਗੇ' ਦੀ ਭਾਵਨਾ ਨੂੰ ਸਮਝਦੀ ਹੋਈ 15 ਜਨਵਰੀ ਨੂੰ ਸਾਰਥਕ ਨਜ਼ਰੀਏ ਨਾਲ ਕਿਸਾਨਾਂ ਨਾਲ ਗੱਲ ਕਰੇਗੀ ਤਾਂ ਠੀਕ ਹੈ ਨਹੀਂ ਤਾਂ ਫਿਰ 26 ਜਨਵਰੀ ਦੀ ਪਰੇਡ ਤੋਂ ਬਾਅਦ ਕਿਸਾਨ ਅੰਦੋਲਨ ਨੇ ਹੋਰ ਵੀ ਵਿਆਪਕ ਰੂਪ ਅਖ਼ਤਿਆਰ ਕਰਨਾ ਹੈ।

'ਗਣਤੰਤਰ' ਬਚਾਉਣ ਲਈ 'ਜਨਤੰਤਰ' ਦੀ ਚਿਤਾਵਨੀ ਹੈ ਕਿ ਕਿਸਾਨ ਘਰਾਂ ਨੂੰ ਵਾਪਸ ਉਦੋਂ ਹੀ ਜਾਣਗੇ ਜਦੋਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਫ਼ੈਸਲਾ ਹੋਵੇਗਾ, ਨਹੀਂ ਤਾਂ ਫਿਰ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਾਕੇਸ਼ ਟਿਕਾਇਤ ਨੇ ਸਪੱਸ਼ਟ ਦੱਸ ਦਿੱਤਾ ਹੈ ਕਿ ਲੋਕਾਂ ਨੇ ਤਾਂ ਆਪਣੇ ਦਾਈਏ ਮਈ 2024 ਤੱਕ ਡਟੇ ਰਹਿਣ ਦੇ ਮਿੱਥ ਲਏ ਹਨ।

## ਕਿਸਾਨ ਤੇ ਕਿਰਤੀ...

ਪਰ ਸਾਲ 2014 ਵਿੱਚ ਸਰਗਰਮੀ ਨਾਲ ਕੰਮ ਕਰਦੀ ਘਰ ਵਾਲੀ ਛੱਡ ਗਈ। ਅਪ੍ਰੈਲ 2014 ਵਿੱਚ ਉਸ ਨੇ ਬਿਮਾਰ ਹੋਣ ਦੇ ਬਾਵਜੂਦ ਅੰਮ੍ਰਿਤਸਰ ਵਿਖੇ ਫੌਜੀਆਂ ਦੀਆਂ ਅਸਥੀਆਂ ਦੇ ਸੰਸਕਾਰ 'ਚ ਸ਼ਮੂਲੀਅਤ ਕੀਤੀ, ਫਿਰ ਉਹ ਠੀਕ ਨਾ ਹੋਈ, ਇਹ ਅੰਮ੍ਰਿਤਸਰ ਦਾ ਉਸਦਾ ਆਖਰੀ ਨਹਾਉਣ ਹੋ ਨਿਬੜਿਆਂ ਤੇ ਉਹ ਜੂਨ 2014 ਵਿੱਚ ਵਿਛੋੜਾ ਦੇ ਗਈ। ਜੋਗਿੰਦਰ ਸਿੰਘ ਉਗਰਾਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸਿਆਸਤ ਚ ਆਉਣ ਦਾ ਭੋਰਾ ਵੀ ਵਿਚਾਰ ਨਹੀਂ, ਅਸੀਂ ਜਥੇਬੰਦੀ ਦੀ ਅਗਵਾਈ ਵਿਚ ਕਿਸਾਨਾਂ, ਮਜਦੂਰਾਂ ਨੂੰ ਇਸ ਕਦਰ ਤਕੜਾ ਕਰਨਾ ਚਾਹੁੰਦੇ ਹਾਂ, ਕਿ ਉਨ੍ਹਾਂ ਨੂੰ ਹਕੂਮਤਾਂ ਆਪ ਮੁਹਾਰੇ ਹੱਕ ਦੇਣ ਲਈ ਭੱਜੀਆਂ ਫਿਰਨ। ਉਨ੍ਹਾਂ ਦਾ ਕਹਿਣਾ ਸੀ ਕਿ ਜਥੇਬੰਦੀ ਨੇ ਅਨੇਕਾਂ ਅਸੰਭਵ ਘੋਲਾਂ ਨੂੰ ਜਿੱਤਿਆ, ਖੁਦਕੁਸ਼ੀਆਂ ਦੇ ਮਾਮਲੇ ਤੇ ਸਾਰੇ ਕਹਿੰਦੇ ਸੀ, ਕਦੇ ਮੋਇਆ ਦੇ ਵੀ ਪੈਸੇ ਮਿਲੇ ਨੇ, ਪਰ ਉਨ੍ਹਾਂ ਦੀ ਜਥੇਬੰਦੀ ਨੇ 96 ਕਰੋੜ ਰੁਪਿਆ ਇਕੱਠਾ ਦਿਵਾਇਆ। 2002 ਦੇ ਬਿਜਲੀ ਬਿਲ ਵਾਪਸ ਲੈਣ,ਗੋਬਿਦਪੁਰਾ,ਛੰਨਾਂ ਅਤੇ ਅਨੇਕਾਂ ਹੋਰ ਘੋਲ ਉਨ੍ਹਾਂ ਨੇ ਜਿੱਤੇ। ਹੁਣ ਦਿੱਲੀ ਵਿੱਚ ਉਨ੍ਹਾਂ ਦੀ ਜਥੇਬੰਦੀ ਦੀ ਵੱਡੀ ਤਾਕਤ ਹੈ, ਸਭ ਤੋ ਵੱਧ ਔਰਤਾਂ ਉਨ੍ਹਾਂ ਦੇ ਇਕੱਠਾਂ ਚ ਸ਼ਾਮਲ ਨੇ,ਭਾਰਤ ਦੇ ਹੋਰਨਾਂ ਜਥੇਬੰਦੀਆਂ ਦੇ ਵੱਡੇ ਆਗੂ ਉਨ੍ਹਾਂ ਦੀਆਂ ਸਟੇਜਾਂ ਤੋਂ ਉਨ੍ਹਾਂ ਦੀ ਜਥੇਬੰਦੀ ਦੇ ਅਨੁਸ਼ਾਸਨ ਨੂੰ ਮੰਨ ਕੇ ਗਏ ਨੇ।

## ਲੰਮੇ ਤਜਰਬੇ ਸਦਕਾ...

ਸਰਕਾਰ ਨਾਲ ਗੱਲ ਕਰਨ ਲਈ ਬਣੀ 4 ਮੈਂਬਰੀ ਟੀਮ ਦੇ ਉਹ ਪਹਿਲੇ ਮੈਂਬਰ ਸ੍ਰੀ ਰਾਜੇਵਾਲ। ਉਹਨਾਂ ਦੇ ਗੱਲ ਕਰਨ ਦੇ ਅੰਦਾਜ ਤੇ ਹਰ ਵਿਸ਼ੇ 'ਤੇ ਪਕੜ ਸਾਹਮਣੇ ਵਾਲੇ ਨੂੰ ਨਿਰੁੱਤਰ ਕਰ ਦਿੰਦੀ ਹੈ। ਭਾਰਤ ਦੇ ਖੇਤੀਬਾੜੀ ਮੰਤਰੀ, ਖੇਤੀ ਸੈਕਟਰੀ ਅਤੇ ਕੇਂਦਰ ਸਰਕਾਰ ਦੀ ਉੱਚ ਅਫ਼ਸਰਸ਼ਾਹੀ ਨੂੰ ਇਸ ਧੜੱਲੇਦਾਰ ਕਿਸਾਨ ਆਗੂ ਅੱਗੇ ਨੂੰ ਜਵਾਬ ਨਹੀਂ ਅਹੁੜਦਾ। ਰਾਜੇਵਾਲ ਕੋਲ ਵਿਰੋਧੀਆਂ ਨੂੰ ਬੇਦਲੀਲ ਕਰਨ ਦੀ ਮੁਹਾਰਤ ਹਾਸਲ ਹੈ, ਮੋੜਵੀਂ ਦਲੀਲਬਾਜ਼ੀ 'ਚ ਕਮਾਲ ਦੀ ਪਕੜ। ਅੰਗਰੇਜੀ, ਹਿੰਦੀ ਤੇ ਪੰਜਾਬੀ ਭਾਸ਼ਾ ਵਿੱਚ ਪੂਰੀ ਪਕੜ ਰੱਖਣ ਵਾਲੇ ਰਾਜੇਵਾਲ ਹਰ ਮੀਟਿੰਗ ਤੋਂ ਪਹਿਲਾਂ 5-6 ਘੰਟੇ ਸੰਵਿਧਾਨ ਤੇ ਖੇਤੀਬਾੜੀ ਲਾਅ ਤੇ ਸਟੱਡੀ ਕਰਦੇ ਹਨ। ਮਾਲਵਾ ਕਾਲਜ ਬੋਂਦਲੀ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਹੋਣ ਦੇ ਨਾਲ ਨਾਲ ਇੱਕ ਸਫਲ ਕਿਸਾਨ ਵੀ ਹਨ। ਭਾਰਤ ਦੇ ਮੰਤਰੀ ਅਨਪੜ੍ਹ ਬਾਬੇ ਸਮਝਣ ਵਾਲਿਆਂ ਨੂੰ ਇਹ ਨੀ ਪਤਾ ਕਿ ਰਾਜੇਵਾਲ ਤਾਂ ਖੁਦ ਸਰਕਾਰੀ ਸੰਸਥਾ ਦੇ ਸੱਦੇ ਉੱਤੇ ਆਈ.ਏ. ਐਸ. ਅਫਸਰਾਂ ਨੂੰ ਕੋਚਿੰਗ ਦਿੰਦੇ ਆ। ਖੇਤੀਬਾੜੀ ਸੰਘਰਸ ਵਿੱਚ ਅਨੇਕਾਂ ਵਾਰ ਜੇਲ੍ਹ ਜਾ ਚੁੱਕੇ ਰਾਜੇਵਾਲ ਵੱਖ-ਵੱਖ ਅਖ਼ਬਾਰਾਂ ਵਿੱਚ ਆਰਟੀਕਲ ਵੀ ਲਿਖਦੇ ਹਨ। ਇਸ ਵੇਲੇ ਸ. ਰਾਜੇਵਾਲ ਸਮੇਤ ਸਮੁੱਚੀ ਕਿਸਾਨ ਲੀਡਰਸ਼ਿਪ ਦੇ ਮੋਢਿਆਂ ਤੇ ਬਹੁਤ ਵੱਡੀ ਜ਼ਿੰਮੇਵਾਰੀ ਹੈ ਤੇ ਕਿਸਾਨ ਮੋਰਚੇ ਨਾਲ ਜੁੜੇ ਸਭਨਾਂ ਦੀਆਂ ਨਜ਼ਰਾਂ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਵੱਲ ਲੱਗੀਆਂ ਹੋਈਆਂ ਹਨ।

## ਸੁਪਰੀਮ ਕੋਰਟ ਨੇ ਖੇਤੀ...

ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਬਾਰੇ ਸਰਕਾਰੀ ਧਿਰ ਵੱਲੋਂ ਪਾਈ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਦੀ ਭਾਰੀ ਲਾਹ-ਪਾਹ ਕੀਤੀ। ਸੁਪਰੀਮ ਕੋਰਟ ਨੇ ਆਰਜ਼ੀ ਫੈਸਲਾ ਸੁਣਾਉਂਦਿਆਂ ਕੇਂਦਰ ਸਰਕਾਰ ਵੱਲੋਂ ਕਾਹਲੀ ਵਿਚ ਪਾਸ ਕੀਤੇ ਤਿੰਨ ਕਿਸਾਨ-ਵਿਰੋਧੀ ਕਾਨੂੰਨਾਂ ਨੂੰ ਹਾਲ ਦੀ ਘੜੀ ਠੰਢੇ ਬਸਤੇ ਵਿਚ ਪਾ ਦਿੱਤਾ ਹੈ। ਪਰ ਸਰਵਉਚ ਅਦਾਲਤ ਨੇ ਪੁਆੜੇ ਦੀ ਜੜ੍ਹ ਬਣੇ ਇਨ੍ਹਾਂ ਵੱਡਾ ਝਟਕਾ ਲੱਗਾ ਜਦੋਂ ਉਸ ਵੱਲੋਂ ਕਮੇਟੀ ਦੇ ਪ੍ਰਧਾਨ ਥਾਪੇ ਗਏ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਆਰ ਐਸ ਲੋਢਾ ਨੇ ਇਹ ਪੇਸਕਸ਼ ਪੈਂਦੀ ਸੱਟੇ ਹੀ ਨਾਮਨਜ਼ੂਰ ਕਰ ਦਿੱਤੀ।

### ਕਿਸਾਨਾਂ ਨੇ ਅਸਿੱਧੇ ਢੰਗ ਨਾਲ ਬੇਭਰੋਸਗੀ ਜਤਾਈ

ਦੂਜੇ ਪਾਸੇ ਕਿਸਾਨ ਇਸ ਕਮੇਟੀ ਬਾਰੇ ਪਹਿਲਾਂ ਹੀ ਆਪਣਾ ਮੱਤ ਸਪਸ਼ਟ ਕਰ ਚੁੱਕੇ ਹਨ ਕਿ ਉਨ੍ਹਾਂ ਨੂੰ ਕਿਸੇ ਵੀ ਕਮੇਟੀ ਜਾਂ ਕਮਿਸ਼ਨ ਵਿਚ ਭਰੋਸਾ ਨਹੀਂ ਹੈ, ਕਿਉਂਕਿ ਪਿਛਲੇ ਇਤਿਹਾਸ ਦੌਰਾਨ ਸਰਕਾਰ ਵੱਲੋਂ ਬਣਾਈਆਂ ਕਮੇਟੀਆਂ/ ਕਮਿਸ਼ਨਾਂ ਨੇ ਕਦੇ ਵੀ ਪੀੜਤ ਧਿਰ ਨੂੰ ਇਨਸਾਫ਼ ਨਹੀਂ ਦਿੱਤਾ ਬਲਕਿ ਅੰਤਮ ਤੌਰ 'ਤੇ ਸਰਕਾਰਾਂ ਦਾ ਹੀ ਪੱਖ ਪੂਰਿਆ ਹੈ। ਉਹ ਇਸ ਕੌੜੇ ਤਜਰਬੇ ਨੂੰ ਦੁਬਾਰਾ ਹੰਢਾਉਣ ਲਈ ਉਕਾ ਹੀ ਤਿਆਰ ਨਹੀਂ ਹਨ। ਪਰ ਕਿਸਾਨ ਆਪਣੇ ਇਰਾਦੇ 'ਤੇ ਦ੍ਰਿੜ੍ਹ ਹਨ ਅਤੇ ਆਗਾਮੀ ਵੈਸਾਖੀ ਦਿੱਲੀ ਵਿਖੇ ਮਨਾਉਣ ਦੇ ਰੌਂਅ ਵਿਚ ਹਨ।

ਸੁਪਰੀਮ ਕੋਰਟ ਨੇ ਸਾਫ ਕਿਹਾ ਕਿ ਕਿਸਾਨਾਂ ਨੂੰ ਕਮੇਟੀ ਕੋਲ ਆਉਣਾ ਹੀ ਹੋਵੇਗਾ।

ਚੀਫ ਜਸਟਿਸ ਐੱਸਏ ਬੋਬਡੇ ਨੇ ਕਿਹਾ ਕਿ ਕਮੇਟੀ ਸਰਵਉੱਚ ਅਦਾਲਤ ਨੂੰ ਦੱਸੇਗੀ ਕਿ ਕਾਨੂੰਨਾਂ ਵਿਚਲੀਆਂ ਕਿਹੜੀਆਂ ਮੱਦਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ। ਅਦਾਲਤ ਮਾਮਲੇ ਦੀ ਜਮੀਨੀ ਹਕੀਕਤ ਜਾਣਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਚਾਹੁੰਦੀ ਹੈ ਸਮੱਸਿਆ ਸੁਚੱਜੇ ਢੰਗ ਨਾਲ ਹੱਲ ਹੋਵੇ।

ਅਦਾਲਤ ਨੇ ਕਿਸਾਨ ਜਥੇਬੰਦੀਆਂ ਨੂੰ ਕਿਹਾ ਹੈ ਕਿ ਉਹ ਮਾਮਲੇ ਹੱਲ ਲਈ ਕਮੇਟੀ ਨੂੰ ਸਹਿਯੋਗ ਦੇਣ। ਸਰਵਉੱਚ ਅਦਾਲਤ ਨੇ ਕਿਹਾ ਕਿ ਜਦੋਂ ਕਿਸਾਨ ਸਰਕਾਰ ਕੋਲ ਗੱਲ ਕਰਨ ਲਈ ਜਾ ਸਕਦੇ ਹਨ ਤਾਂ ਕਮੇਟੀ ਕੋਲ ਜਾਣ ਵਿੱਚ ਕੀ ਇਤਰਾਜ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਜਨਤਾ ਦੀ ਜ਼ਿੰਦਗੀ ਤੇ ਸੰਪਤੀ ਬਾਰੇ ਚਿੰਤਤ ਹੈ। ਵਰਨਣਯੋਗ ਹੈ ਕਿ ਇਸ ਸੁਣਵਾਈ ਮੌਕੇ ਕਿਸਾਨਾਂ ਵੱਲੋਂ ਕੋਈ ਵਕੀਲ ਪੇਸ਼ ਨਹੀਂ ਹੋਇਆ।

ਕਿਸਾਨ ਨੇਤਾਵਾਂ ਨੇ ਤਿੰਨ ਖੇਤੀ ਕਾਨੂੰਨਾਂ 'ਤੇ ਸੁਪਰੀਮ ਕੋਰਟ ਵੱਲੋਂ ਰੋਕ ਲਗਾਉਣ ਦਾ ਸਵਾਗਤ ਕੀਤਾ ਪਰ ਨਾਲ ਹੀ ਕਿਹਾ ਕਿ ਜਦੋਂ ਤੱਕ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ ਉਹ ਕੌਮੀ ਰਾਜਧਾਨੀ ਦੀਆਂ ਸਰਹੱਦਾਂ 'ਤੇ ਡਟੇ ਰਹਿਣਗੇ। 40 ਦੇ ਕਰੀਬ ਪ੍ਰਦਰਸਨਕਾਰੀ ਕਿਸਾਨ ਯੂਨੀਅਨਾਂ ਦੀ ਦੀ ਸਾਂਝੀ ਜਥੇਬੰਦੀ ਸੰਯੁਕਤ ਕਿਸਾਨ ਮੋਰਚਾ ਨੇ ਅਗਲੇ ਦਿਨਾਂ ਦੌਰਾਨ ਅਪਣਾਈ ਜਾਣ ਵਾਲੀ ਨੀਤੀ 'ਤੇ ਚਰਚਾ ਕਰਨ ਲਈ ਮੀਟਿੰਗ ਸੱਦੀ ਹੈ। ਕਿਸਾਨ ਨੇਤਾਵਾਂ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਵੱਲੋਂ ਨਿਯੁਕਤ ਕਮੇਟੀ ਅੱਗੇ ਕਿਸੇ ਵੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਤਿਆਰ ਨਹੀਂ ਹਨ ਪਰ ਇਸ ਬਾਰੇ ਰਸਮੀ ਫੈਸਲਾ ਮੋਰਚਾ ਕਰੇਗਾ। ਕਿਸਾਨ ਮੋਰਚੇ ਦੇ ਇਕ ਸੀਨੀਅਰ ਨੇਤਾ ਅਭਿਮਨਿਊ ਕੋਹਾੜ ਨੇ ਕਿਹਾ ਕਿ ਅਸੀਂ ਖੇਤੀ ਕਾਨੂੰਨਾਂ ਦੇ ਲਾਗੂ ਹੋਣ 'ਤੇ ਰੋਕ ਲਾਉਣ ਦੇ ਅਦਾਲਤ ਦੇ ਆਦੇਸ ਦਾ ਸਵਾਗਤ ਕਰਦੇ ਹਾਂ ਪਰ ਅਸੀਂ ਇਨ੍ਹਾਂ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੁੰਦੇ ਹਾਂ।'

ਭਾਰਤੀ ਕਿਸਾਨ ਯੂਨੀਅਨ ਪੰਜਾਬ (ਲੱਖੋਵਾਲ) ਦੇ ਆਗੂ ਹਰਿੰਦਰ ਲੱਖੋਵਾਲ ਨੇ ਕਿਹਾ ਕਿ ਵਿਰੋਧ ਪ੍ਰਦਰਸਨ ਉਦੋਂ ਤਕ ਜਾਰੀ ਰਹੇਗਾ ਜਦੋਂ ਤੱਕ ਕਿ ਵਿਵਾਦਪੂਰਨ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕੀਤਾ ਜਾਂਦਾ।

## ਪੰਜਾਬੀ ਬੰਦੇ ਦਾ ਪੁਨਰ...

ਸੁਪਰੀਮ ਕੋਰਟ ਦੀ ਬਾਰ ਐਸ਼ੋਸ਼ੀਏਸ਼ਨ ਦਾ ਪ੍ਰਧਾਨ ਦੁਸ਼ਯੰਤ ਦਵੇ ਅਤੇ ਹੋਰ ਸੀਨੀਅਰ ਵਕੀਲ, ਕਿਸਾਨ ਆਗੂ ਯੋਗਿੰਦਰ ਯਾਦਵ ਆਦਿ, ਗੱਲ ਕੀ, ਹਰ ਸੂਝਵਾਨ ਆਗੂ ਨੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਕਹਿਣਾ ਹੀ ਸ਼ੁਰੂ ਨਹੀਂ ਕੀਤਾ ਬਲਕਿ ਇਸ ਨੂੰ ਪੰਜਾਬ ਦੇ ਫਲਸਫੇ ਦਾ ਅੰਗ ਮੰਨ ਕੇ ਇਹਦੀ ਸ਼ਕਤੀ ਤੇ ਸੱਚ ਨੂੰ ਸਿਜਦਾ ਕੀਤਾ ਹੈ।

"ਇਵੇਂ ਹੀ ਨਿਸ਼ਾਨ ਸਾਹਿਬ ਸਿਰਫ਼ ਝੰਡਾ ਨਹੀਂ, ਇਹ ਸਿੱਖੀ ਦੇ ਸੱਚ-ਸੁੱਚੇ ਵਾਲੇ ਅਮਲ ਦੀ ਨਿਸ਼ਾਨੀ ਹੈ। ਜਿੰਨੀ ਦੇਰ ਨਿਸ਼ਾਨ ਸਾਹਿਬ ਝੁਲਦਾ ਹੈ ਸਿੱਖ ਦਾ ਵਿਸ਼ਵਾਸ਼ ਨਹੀਂ ਡੋਲਦਾ, ਸ਼ੁਭ ਕਰਮਨ ਲਈ ਸੇਧ ਤੇ ਸ਼ਕਤੀ ਮਿਲਦੀ ਹੈ। ਜਿੱਥੇ ਇਹ ਝੁਲਦਾ ਹੈ ਉੱਥੇ ਸੱਚ ਤੇ ਸੁੱਚ ਦਾ ਮਾਹੌਲ ਹੁੰਦਾ ਹੈ। ਸਿੰਘੂ ਬਾਡਰ ਉੱਤੇ ਜੀਵਨ ਜਾਚ ਅਤੇ ਧਰਮ ਇੱਕੋ ਦਿਖਾਈ ਦੇਂਦੇ ਹਨ। ਮੋਰਚਾ ਆਪਣੇ ਟੀਚੇ ਵਿਚ ਕਦ ਜਿੱਤ ਪ੍ਰਾਪਤ ਕਰਦਾ, ਵਕਤ ਲੱਗੇਗਾ, ਪਰ ਇਹਦੇ ਰਾਹੀਂ "ਪੰਜਾਬ ਫਲਸਫੇ" ਦੀ ਬੁਲੰਦੀ ਪ੍ਰਗਟ ਹੋ ਚੁੱਕੀ ਹੈ। ਪੰਜਾਬ ਦੀ ਰੂਹ ਦੀ ਜਿੱਤ ਹੋ ਚੁੱਕੀ ਹੈ।"

"ਕਿਸਾਨ ਲੀਡਰ ਜਦ ਮੰਤਰੀਆਂ ਨਾਲ ਬਹਿਸ ਕਰਦੇ ਹਨ, ਜਦ ਮੰਚਾਂ ਉੱਤੇ ਬੋਲਦੇ ਹਨ, ਆਪਸ ਵਿਚ ਮੀਟਿੰਗਾਂ ਕਰਦੇ ਹਨ, ਤਾਂ ਕੌਣ ਕਹਿ ਸਕਦਾ ਪੰਜਾਬ "ਉੜਤਾ ਪੰਜਾਬ" ਹੈ ?

"ਜਦੋਂ ਬਦੇਸ਼ਾਂ ਵਿਚ ਵਾਸਾ ਕਰਦੇ ਪੰਜਾਬ ਯੁਵਕ ਉੱਥੇ ਪਿਛਾਂਹ ਕਿਸਾਨਾਂ ਦੇ ਹੱਕ ਵਿਚ ਜਲੂਸ ਕੱਢਦੇ ਤੇ ਨਾਹਰੇ ਲਗਾਂਦੇ ਹਨ ਤਾਂ ਪ੍ਰਗਟ ਇਹ ਹੁੰਦਾ ਬਦੇਸ਼ੀ ਪੰਜਾਬੀ ਬੰਦਾ ਦੇਸ਼ ਪੰਜਾਬ ਦਾ ਸਭ ਤੋਂ ਮਜ਼ਬੂਤ ਥੰਮ੍ਹ ਹੈ।"

"ਇਹ ਕਾਰਪੋਰੇਟੀ ਮੁਨਾਫ਼ਾਖੋਰੀ ਵਿਰੁੱਧ ਪੈਦਾ ਹੋਈ ਚੇਤਨਾ ਦੀ ਵੀ ਜਿੱਤ ਹੈ।

"ਜਦ ਪੰਜਾਬ ਦੇ ਕਿਸਾਨਾਂ ਨੇ ਸ਼ੰਭੂ ਬਾਡਰ ਦੀਆਂ ਰੋਕਾਂ ਨੂੰ ਪਸਤ ਕਰਕੇ ਦਿੱਲੀ ਵਲ ਕੂਚ ਕੀਤਾ ਅਤੇ ਹਰਿਆਣਾ ਦੇ ਕਿਸਾਨਾਂ ਨੇ ਉਨ੍ਹਾਂ ਨੂੰ ਗਲੇ ਨਾਲ ਲਗਾਇਆ ਤੇ ਨਾਲ ਹੋ ਤੁਰੇ ਤਦੋਂ ਹੀ ਪੰਜਾਬ ਦੇ ਕਿਰਤੀ ਕਿਸਾਨ ਦੀ ਜਿੱਤ ਦਾ ਬਿਗਲ ਵਜਣ ਲੱਗ ਪਿਆ ਸੀ।

"ਹਰ ਤਰਜ਼ ਦਾ ਪੰਜਾਬੀ ਸ਼ਰੀਕ ਹੋ ਰਿਹਾ - ਦੂਰੋਂ ਨੇੜਿਉਂ ...। ਗੀਤਕਾਰ, ਕਵੀ, ਸਾਹਿਤਕਾਰ, ਫਿਲਮ ਨਿਰਮਾਤਾ, ਵਕੀਲ, ਸੰਤ ਮਹਾਤਮਾ, ਨਿੱਕਾ ਵੱਡਾ ਸਭ ... "

"ਸਿੰਘੂ ਬਾਡਰ ਉੱਤੇ ਕਿੰਨਾ ਕੁਝ ਬੇਮਿਸਾਲ ਵਾਪਰ ਰਿਹਾ।"

## ਘਰਾਂ ਤੋਂ ਕੋਹਾਂ ਦੂਰ..

ਉਨ੍ਹਾਂ ਦੇ ਮਨਾਂ ਵਿੱਚ ਧਰਤੀ ਪੁੱਤਰਾਂ ਦਾ ਸਤਿਕਾਰ ਤੇ ਪਿਆਰ ਵਧਾਏਗਾ।

*'ਮੋਰਚਾ'* ਦੇ ਪਹਿਲੇ ਅੰਕ ਲਈ ਤੁਹਾਡੇ ਇੰਨੇ ਵੱਡੇ ਹੁੰਗਾਰੇ ਨੇ ਸਾਡੀ ਜ਼ੁੰਮੇਵਾਰੀ ਹੋਰ ਵਧਾਈ ਹੈ। ਕੁੱਝ ਦੋਸਤਾਂ ਦੇ ਵੱਡਮੁੱਲੇ ਸੁਝਾਅ, ਉਲਾਂਭੇ ਅਤੇ ਆਲੋਚਨਾ ਸਿਰ ਮੱਥੇ। ਪਿਛਲੀ ਵਾਰ ਨਵੇਂ ਵਰ੍ਹੇ ਦੇ ਦਿਨ *'ਮੋਰਚਾ'* ਤੁਹਾਡੇ ਹੱਥਾਂ ਵਿੱਚ ਪਹੁੰਚਾਉਣ ਦੀ ਕਾਹਲ ਅਤੇ ਵਕਤ ਘੱਟ ਹੋਣ ਕਾਰਨ ਛਪਾਈ ਦੇ ਮਿਆਰ ਅਤੇ ਲਿਖਤਾਂ ਵਿੱਚ ਗ਼ਲਤੀਆਂ ਵੀ ਵੱਧ ਰਹਿ ਗਈਆਂ ਸਨ। ਇਸ ਵਾਰ ਇਸ *'ਲੋਹੜੀ ਅੰਕ'* 'ਚ ਉਸ ਪਾਸੇ ਉਚੇਚਾ ਧਿਆਨ ਦੇਣ ਦੇ ਨਾਲ ਨਾਲ ਅਸੀਂ ਮੋਰਚੇ ਦੇ ਮੋਹਰੀ ਕਿਸਾਨ ਆਗੂਆਂ ਅਤੇ ਸੇਵਾ ਨਿਭਾਅ ਰਹੇ ਕੁੱਝ ਹੋਰ ਉਦਮੀਆਂ ਬਾਰੇ ਜਾਣਕਾਰੀ ਦੇ ਸਕਣ ਦੇ ਸਮਰੱਥ ਹੋਏ ਹਾਂ।

ਸਭਨਾਂ ਸ਼ੁਭਚਿੰਤਕਾਂ ਤੇ ਹਮਾਇਤੀਆਂ ਨੂੰ ਤੁਹਾਡਾ ਮੋਰਚੇ ਵਿੱਚ ਸੜਕਾਂ ਉੱਤੇ ਬੈਠਿਆਂ ਦਾ ਬੜਾ ਫ਼ਿਕਰ ਹੈ। ਉਤੋਂ ਕੁਦਰਤ ਦਾ ਕਹਿਰ ਢਾਹੁੰਦਾ ਮੌਸਮ ਅਤੇ ਰਾਜਸੀ ਮਾਹੌਲ ਸਾਜ਼ਗਾਰ ਨਾ ਹੋਣ ਕਾਰਨ ਮੋਰਚਾ ਬੜੇ ਅਹਿਮ ਪੜਾਅ ਉੱਤੇ ਹੈ। ਦੁਆ ਹੈ ਕਿ ਮਸਲੇ ਦੇ ਕਿਸੇ ਸਾਰਥਕ ਅਤੇ ਕਿਸਾਨ ਪੱਖੀ ਹੱਲ ਲਈ ਸਾਰਥਕ ਪਹਿਲਕਦਮੀ ਹੋਵੇ। **ਵਾਹਿਗੁਰੂ ਮਿਹਰ ਕਰੇ !**

# ਲੰਬੇ ਮੋਰਚਿਆਂ ਲਈ ਸਬਰ ਵੀ ਲੰਬਾ ਲੋੜੀਂਦਾ

### ਨਵਜੀਤ ਕੌਰ



ਜਦੋਂ ਮੋਰਚੇ ਲੰਬੇ ਹੋ ਜਾਣ, ਉਦੋਂ ਸਬਰ ਵੀ ਲੰਬੇ ਹੋ ਜਾਣੇ ਚਾਹੀਦੇ ਹਨ। ਉਦੋਂ ਆਪਸੀ ਗਿਲੇ-ਸ਼ਿਕਵੇ ਛੋਟੇ ਹੋ ਜਾਣੇ ਚਾਹੀਦੇ ਹਨ।

ਜਦੋਂ ਦੁਸ਼ਮਣ ਚੁੱਪ ਕਰ ਜਾਵੇ, ਉਦੋਂ ਆਪਣਿਆਂ ਨੂੰ ਬੋਲਣੋਂ ਵਰਜਣਾ ਚਾਹੀਦਾ ਹੈ। ਜ਼ਰੂਰ ਦੁਸ਼ਮਣ ਬੋਲਣ ਦਾ ਬਹਾਨਾ ਤਲਾਸ਼ ਰਿਹਾ ਹੋਵੇਗਾ।

ਜਦੋਂ ਦੁਸ਼ਮਣ ਮਹਿਲ ਵਿੱਚ ਲੁਕ ਕੇ ਬੈਠ ਜਾਵੇ, ਉਦੋਂ ਉਸਦਾ ਪਿੱਛੇ ਜਾਣ ਦੀ ਬਜਾਏ ਆਪਣੇ ਅੰਦਰ ਦੇ ਦੁਸ਼ਮਣ ਲੱਭਣੇ ਚਾਹੀਦੇ ਹਨ।

ਜਦੋਂ ਤੁਸੀਂ ਦੁਸ਼ਮਣ ਦੇ ਘਰ ਵਿੱਚ ਹੁੰਦੇ ਹੋ, ਉਦੋਂ ਥੋੜ੍ਹਾ ਧਿਆਨ ਆਪਣੇ ਘਰ ਵੱਲ ਵੀ ਰੱਖਣਾ ਚਾਹੀਦਾ ਹੈ। ਕਈ ਵਾਰ ਘਰਾਂ ਦੇ ਭੇਤੀ ਵੀ ਲੰਕਾ ਸੁਹਣੀ ਢਾਅ ਲੈਂਦੇ ਹਨ।

ਜਦੋਂ ਦੁਸ਼ਮਣ ਅੜ ਜਾਵੇ, ਜ਼ਰੂਰੀ ਨਹੀਂ ਕਿ ਉਹ ਤਾਕਤਵਰ ਹੋਵੇ। ਹੋ ਸਕਦਾ ਹੈ, ਉਹ ਤੁਹਾਡੀ ਤਾਕਤ ਪਰਖ ਰਿਹਾ ਹੋਵੇ।

ਜਦੋਂ ਗੱਲਬਾਤ ਸਿਰੇ ਨਾ ਚੜ੍ਹੇ, ਉਦੋਂ ਖਾਮਖਾਂ ਦੇ ਚੌਧਰੀ ਸਭ ਤੋਂ ਜ਼ਿਆਦਾ ਸਿਰੇ ਚੜ੍ਹਦੇ ਹਨ। ਉਦੋਂ ਉਨ੍ਹਾਂ ਦੀ ਸੁਣਨ ਨਾਲੋਂ ਟਰੈਕਟਰ-ਟਰਾਲੀਆਂ ਦੀ ਹਵਾ-ਪਾਣੀ ਚੈੱਕ ਕਰਨਾ ਬਿਹਤਰ ਆਈਡੀਆ ਹੋਵੇਗਾ।

**ਚੜ੍ਹਦੀ ਕਲਾ!**

# ਸੰਘਰਸ਼ ਨੂੰ ਹੋਰ ਫੈਲਾਉਣਾ ਤੇ ਮਘਾਉਣਾ ਹੋਵੇਗਾ

### ਕੰਵਲਜੀਤ ਸਿੰਘ

ਮੀਟਿੰਗ-ਰਾਜਨੀਤੀ ਨੂੰ ਅਸਫਲ ਕਰਨ ਤੋਂ ਬਾਅਦ ਹੁਣ ਸਾਡੇ ਸੰਘਰਸ ਸਾਹਮਣੇ ਦੋ ਸੰਭਾਵਨਾਵਾਂ ਹਨ ਜਾਂ ਤਾਂ ਇਹ ਸੰਘਰਸ ਪੰਜਾਬ ਤੋਂ ਲੈ ਕੇ ਪੂਰੇ ਹਿੰਦੁਸਤਾਨ ਵਿਚੋਂ ਕਾਰਪੋਰੇਟੀ ਸਾਮਰਾਜ ਦੀਆਂ ਸਫਾਂ ਵਲ੍ਹੇਟ ਦੇਵੇਗਾ ਤੇ ਜਿੱਤ ਦੇ ਨਗਾਰੇ ਵਜਣਗੇ, ਧਰਤੀ ਪੁੱਤਰ ਕਿਸਾਨਾਂ ਦੇ ਹੱਕਾਂ ਦੀ ਰਾਖ਼ੀ ਲਈ ਪੰਜਾਬ ਦਾ ਨਾਇਕਤਵ ਸਥਾਪਤ ਹੋਵੇਗਾ ਜਾਂ ਅਸੀਂ ਹਾਰ ਕੇ ਭਾਰ ਢੋਣ ਵਾਲੀਆਂ ਖੱਚਰਾਂ ਬਣ ਜਾਵਾਂਗੇ।

**ਆਪਣੀ ਅਲਪ ਬੁੱਧੀ ਵਿਚੋਂ ਕੁਝ ਨੁਕਤੇ ਰੱਖ ਰਿਹਾ ਹਾਂ:**

1. ਕਿਸਾਨ ਵਿਰੋਧੀ ਸ਼ਕਤੀਆਂ ਨੂੰ ਪੂਰੀ ਤਰ੍ਹਾਂ ਹਰਾ ਦੇਣ ਲਈ ਹੁਣ ਕਿਨਾਰੇ ਬੈਠੇ ਸੱਜਣਾਂ ਨੂੰ ਸਰਗਰਮ ਵਿਚਾਰਧਾਰਕ ਸੰਘਰਸ ਵਿਚ ਕੁੱਦ ਪੈਣਾ ਚਾਹੀਦਾ ਹੈ। ਇਹ ਇਤਿਹਾਸਕ ਮੌਕਾ ਖੁੰਝ ਜਾਣ ਦਾ ਬੋਝ ਤੁਹਾਡੀ ਜਮੀਰ ਕੋਲੋਂ ਝੱਲਿਆ ਨਹੀਂ ਜਾਣਾ।

**ਦੋਰਾਹੇ ਤੋਂ ਕਿਹੜਾ ਰਾਹ**

2. ਸਾਂਝੇ ਮੋਰਚੇ ਨੂੰ, ਪੈਨ ਇੰਡੀਆ ਪੱਧਰ ਦੀ ਲਾਮਬੰਦੀ ਕਰਨੀ ਪੈਣੀ ਹੈ । 'ਦੇਸ਼ ਕਾ ਕਿਸਾਨ ਹਮਾਰੇ ਸਾਥ ਹੈਂ' ਇਹ ਸਾਬਤ ਕਰਨ ਲਈ ਅਤੇ ਮੋਰਚੇ ਦੇ ਹੱਕ ਵਿਚ ਭੁਗਤਾਉਣ ਲਈ ਪੂਰੇ ਇੰਡੀਆ ਵਿਚ ਬੁਲੈਟ, ਜੀਪ ਅਤੇ ਟਰੈਕਟਰ ਰੈਲੀਆਂ ਕੱਢੀਆਂ ਜਾਣ। ਪੰਜਾਬ ਦੀਆਂ ਇਕੱਤੀ ਅਤੇ ਬਾਕੀ ਪੰਜ ਛੇ ਜਥੇਬੰਦੀਆਂ ਆਪਣੇ ਪਹਿਲੀ ਕਤਾਰ ਦੇ ਪੰਜ ਪੰਜ ਆਗੂ ਚੁਣ ਕੇ ਸਾਰੇ ਸੂਬਿਆਂ ਵਿਚ ਭੇਜਣ ਬਾਕੀ ਸੂਬਿਆਂ ਦੇ ਕਿਸਾਨ ਉੱਥੇ ਦੀਆਂ ਰਾਜਧਾਨੀਆਂ ਘੇਰ ਸਕਦੇ ਹਨ।

3. ਸਿੱਖਾਂ ਅਤੇ ਖੱਬੇ ਪੱਖੀਆਂ ਵਿਚਕਾਰ ਪਾੜ ਨੂੰ ਵਧਾਉਣ ਵਾਲੇ ਸਾਰੇ ਮੁਹਾਜ ਤੁਰੰਤ ਬੰਦ ਕਰ ਦੇਣੇ ਚਾਹੀਦੇ ਹਨ । ਪਾੜ ਵਧਣ ਜਾਂ ਘਟਣ ਦਾ ਪੰਥ ਨੂੰ ਕੋਈ ਲਾਭ ਨਹੀਂ ਪਰ ਹਕੂਮਤ ਨੂੰ ਇਹ ਸਮਝਣਾ ਲਾਜਮੀ ਹੈ। ਹਰੇਕ ਕਿਸਮ ਦੇ ਸੁਧਾਰਵਾਦੀ ਖਿਆਲਾਂ ਨੂੰ ਪਾਸੇ ਰੱਖ ਲੈਣਾ ਚਾਹੀਦਾ ਹੈ ਜਿੱਤ ਤੋਂ ਬਾਅਦ ਅਜਿਹੀਆਂ ਗੱਲਾਂ ਲਈ ਸਾਡੇ ਕੋਲ ਕਾਫੀ ਸਮਾਂ ਹੋਵੇਗਾ ।

4. ਅੰਤਰਰਾਸਟਰੀ ਮੀਡੀਆ ਵਿਚ ਪੇਸ਼ਕਾਰੀ ਕਰ ਸਕਣ ਦੇ ਸਮਰੱਥ ਸੱਜਣ ਅੰਤਰਰਾਸਟਰੀ ਪੱਧਰ ਦੇ ਰੇਡੀਓ, ਟੀਵੀ, ਅਖਬਾਰ ਆਦਿ ਵਿਚ ਲਗਾਤਾਰ ਲਿਖਣ ਜਾਂ ਬੋਲਣ ।

5. ਇਸ ਸੰਘਰਸ ਨੇ ਹੁਣ ਤੱਕ ਕਾਫੀ ਪ੍ਰਾਪਤੀਆਂ ਕਰ ਲਈਆਂ ਹਨ, ਮੀਟਿੰਗਾਂ ਵਿਚ ਮੰਤਰੀ ਸਰਕਾਰ ਕੋਲੋਂ ਆਦੇਸ਼ ਲੈ ਕੇ ਆਉਂਦੇ ਸਨ ਤੇ ਕਿਸਾਨ ਆਗੂ ਸੰਗਤ ਦੀਆਂ ਦੁਆਵਾਂ ਇਸ ਕਰਕੇ ਦੋਵਾਂ ਦੇ ਹੌਸਲੇ ਵਿਚ ਜਮੀਨ ਅਸਮਾਨ ਦਾ ਫਰਕ ਹੈ ਕੁੱਲ ਮਿਲਾ ਕੇ ਕੇਂਦਰੀ ਮੰਤਰੀ ਕਮਜੋਰ ਸਾਬਤ ਹੋਏ ਹਨ, ਇੰਡੀਆ ਦੀ ਸਭ ਤੋਂ ਵੱਡੀ ਟੈਲੀਕਮਿਉਨੀਕੇਸ਼ਨ ਕੰਪਨੀ, ਜੀਓ, ਨੂੰ ਟਰਾਈ ਕੋਲ ਸ਼ਿਕਾਇਤ ਕਰਨੀ ਪਈ ਹੈ, ਇਹ ਸੇਕ ਚੜ੍ਹਨ ਦੀ ਨਿਸ਼ਾਨੀ ਹੈ। ਇੰਡੀਆ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਵਪਾਰਕ ਆਰਗੇਨਾਈਜੇਸ਼ਨ ਫੈਡਰੇਸਨ ਆਫ ਇੰਡੀਅਨ ਚੈਂਬਰਜ ਆਫ ਕਾਮਰਸ ਐਂਡ ਇੰਡਸਟਰੀ ਨੂੰ ਮੋਰਚੇ ਖਿਲਾਫ ਲਾਮਬੰਦੀ ਕਰਨੀ ਪੈ ਰਹੀ ਹੈ ਮਤਲਬ ਸੰਘਰਸ ਦੀ ਸੱਟ ਠੀਕ ਥਾਂ ਤੇ ਵੱਜੀ ਹੈ।

# ਹੈ ਤਾਂ ਕੌੜੀ ਪਰ ਗੁੱਸਾ ਨਾ ਕਰਿਓ..

### ਬਲਜੀਤ ਖਾਨ ਮੋਗਾ

ਦਿੱਲੀ ਧਰਨੇ ਵੱਲ ਵਹੀਰਾਂ ਘੱਤਣ ਵਾਲਿਆਂ 'ਚ ਕਈ ਐਸੇ ਲੋਕ ਵੀ ਸਾਮਿਲ ਨੇ ਜਿਹੜੇ ਕਿਸਾਨਾਂ ਵੱਲੋਂ ਬੀਤੇ ਸਮੇਂ 'ਚਧਰਨੇ ਰੈਲੀਆਂ ਨੂੰ ਬੁਰਾ ਭਲਾ ਆਖਦੇ ਰਹੇ ਨੇ ਤੇ ਕਦੇ ਵੀ ਕਿਸੇ ਧਰਨੇ ਜਾਂ ਰੈਲੀ 'ਚ ਸਾਮਿਲ ਨਹੀਂ ਹੋਏ ਜਦੋਂਕਿ ਅਨੰਦਾਤੀਆਂ ਦੇ ਧਰਨਿਆਂ ਦੀ ਸਫਲਤਾ ਨੂੰ ਵੇਖਦੇ ਹੋਏ ਸਿੰਘੂ ਤੇ ਟਿਕਰੀ ਬਾਰਡਰ ਨੂੰ ਸੈਰਗਾਹ ਹੀ ਬਣਾ ਲਿਆ ਹੈ। ਧਰਨਿਆਂ ਦੀ ਸਫਲਤਾ ਲਈ ਇਹਹੈ ਤਾਂ ਸੁਭ ਸਗਨ ਪਰ ਇਨ੍ਹਾਂ ਭੈਣ ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਅਸਲ 'ਚ ਦੁੱਖ ਭੋਗ ਰਹੇ ਅੰਨਦਾਤਿਆਂ ਦੀ ਸਦਾ ਲਈ ਬਾਂਹ ਫੜਨ। ਮੰਨਿਆ ਲਿੱਬੜੇ ਤਿੱਬੜੇ ਤੇ ਅਨਪੜ੍ਹ ਮੰਨੇ ਜਾਂਦੇ ਕਿਸਾਨਾਂ ਦਾ ਸਿਦਕ ਜਿੱਤ ਰਿਹਾ ਹੈ ਪਰ ਇਸਦਾ ਮਤਲਬ ਇਹ ਵੀ ਨਹੀਂ ਕਿ ਅਸੀਂ ਹੱਕੀ ਮੰਗਾਂ ਲਈ ਦਿੱਲੀ ਡਟੇ ਕਿਸਾਨਾਂ ਦੇ ਭੋਲੇਪਣ ਦਾ ਲਾਭ ਲਈਏ। ਮੋਹਰੀ ਆਗੂਆਂ ਨੂੰ ਵੀ ਬੇਨਤੀ ਹੈ ਕਿ ਦਿੱਲੀ ਨੂੰ ਵੰਗਾਰ ਰਹੇ ਮੰਚਾਂ ਤੋਂ ਸਿਰਫ ਤੇ ਸਿਰਫ ਉਹੀ ਲੋਕ ਸੰਬੋਧਨ ਕਰਨ ਜਿੰਨ੍ਹਾਂ ਦਾ ਕਾਂ (ਗਲੇ ਦਾ ਅਵਾਜ ਤੰਤੂ) ਧਰਤੀ ਪੁੱਤਰਾਂ ਦੇ ਅਸਲੀ ਦੁੱਖ ਲਈ ਵਿਲਕਦਾ ਹੋਵੇ। ਜਿੰਨ੍ਹਾ ਨੂੰ ਰਹਿਣ ਸਹਿਣ ਤੇ ਖਾਣ ਪੀਣ ਦੇ ਯੋਗ ਪ੍ਰਬੰਧ , ਨਹਾਉਂਣ ਧੋਣ ਤੇ ਜੰਗਲ ਪਾਣੀ ਦੀ ਸਹੂਲਤ ਅਤੇ ਸਰਕਾਰੀ ਰੋਕਾਂ ਤੇ ਤਾਕਤ ਦੀ ਮਨਫੀ ਵਰਤੋਂ ਖਿੱਚ ਰਹੀ ਹੈ ਉਹ ਆਪਣੀ ਸੋਚ ਤੇ ਇਰਾਦੇ ਬਦਲਣ। ਦਿੱਲੀ ਵਿਖੇ ਚੱਲ ਰਿਹਾ ਕਿਸਾਨੀ ਸੰਘਰਸ ਅੰਤਲਾ ਨਹੀਂ । ਇਹ ਸਦਾ ਹੀ ਚੱਲਦਾ ਰਹਿਣੈ ਕਦੇ ਵੱਡੀ ਸੜਕ ਕਿਨਾਰੇ ਸਸਤੇ ਪਲਾਟ ਖਰੀਦਣ ਵਾਲੇ ਨੇਤਾਵਾਂ ਤੇ ਅਫਸਰਾਂ ਖਿਲਾਫ ਤੇ ਕਦੇ ਕੌਡੀਆਂ ਵੱਟੇ ਫਸਲਾਂ ਖਰੀਦਣ ਵਾਲੇ ਵਪਾਰੀਆਂ ਖਿਲਾਫ। ਇਹ ਲਾਲ ਲਕੀਰਾਂ ਵਾਲੇ ਪਟਵਾਰੀ ਵੀ ਨਹੀਂ ਬਖਸਣਗੇ ਤੇ ਨਾ ਹੀ ਬੁਢਾਪਾ ਪੈਨਸਨ ਬਦਲੇ ਰਿਸਵਤ ਲੈਣ ਵਾਲੇ ਏਜੰਟ। ਜੇ ਦਿੱਲੀ ਜਾਣੈ ਤਾਂ ਮੈਲਾ ਮਨ ਸਾਫ ਕਰਕੇ ਤੁਰਿਓ।

ਕਿਸਾਨੀ ਸੰਘਰਸ ਜ਼ਿੰਦਾਬਾਦ

ਇਸ ਸੰਘਰਸ ਨੇ ਕਿੰਨੀਆਂ ਅਣਜਾਣ ਰੂਹਾਂ ਨੂੰ ਇਕ ਅਦੁੱਤੀ ਕਲਾ ਪ੍ਰਦਾਨ ਕੀਤੀ ਕਿ ਉਹ ਸਭ ਇਕ ਦੇ ਹੋ ਗਏ ।

ਬਾਬੇ ਨਾਨਕ ਦੀਆਂ ਪੈੜਾਂ ਦਬੀ ਕਿਸਾਨੀ ਸੰਘਰਸ ਵਿਚ ਤੁਰ ਰਹੇ ਇਹ ਲੋਕ ਅਚਨਚੇਤ ਹੀ ਇਕ ਵਿੱਚ ਸਮਾ ਰਹੇ ਹਨ ।

# ਰੰਗ ਢੰਗ ਮੋਰਚੇ ਦੇ

**ਕਿਸਾਨ ਸੰਘਰਸ ਦਾ ਹਾਸਲ**
**ਭੱਠੀ 'ਚੋਂ ਕੁੰਦਨ ਬਣ ਨਿਕਲੂ ਪੰਜਾਬ**

1. ਪੰਜਾਬ ਇੱਕ ਦੇਸ, ਇੱਕ ਅਹਿਸਾਸ, ਇੱਕ ਜਜਬਾ, ਮੁਹੱਬਤ, ਸੱਭਿਆਚਾਰ ਅਤੇ ਤਾਕਤ ਹੈ।ਪੰਜਾਬ ਇਕ ਰਿਸ਼ਤਾ ਹੈ।

2. ਪੰਜਾਬ ਅਜੇ ਜਿਊਂਦਾ ਹੈ ।

3. ਵਿਦੇਸ਼ਾਂ ਵਿਚ ਅਸੀਂ ਭਾਵੇਂ ਕੁਝ ਵੀ ਬਣ ਜਾਈਏ ਪੰਜਾਬ ਨੂੰ ਸਥਿਰ ਅਤੇ ਸਥਾਪਤ ਕਰਨਾ ਲਾਜਮੀ ਹੈ।

4. ਪਰਵਾਸੀ ਸਿੱਖ, ਕੌਮੀ ਜਾਇਦਾਦ ਅਤੇ ਸਰਮਾਇਆ ਹਨ ।

5. ਪਰਵਾਸੀਆਂ ਦੇ ਦਿਲ ਵਿਚ ਆਪਣੇ ਪਿਆਰੇ ਪੰਥ ਅਤੇ ਪੰਜਾਬ ਲਈ ਅਥਾਹ ਮੁਹੱਬਤ ਹੈ ।

6. ਪੰਜਾਬ ਦਾ ਦਿੱਲੀ ਤਖਤ ਨਾਲ ਰਿਸ਼ਤਾ ਕੀ ਹੋਵੇ। ਇਹ ਸਵਾਲ ਕਈ ਸਾਲ ਬਾਅਦ ਮੁੜ ਚਰਚਾ ਵਿਚ ਆ ਗਿਆ ਹੈ। ਖੇਤੀ ਕਾਨੂੰਨਾਂ ਦੀ ਜੜ੍ਹ ਇਸੇ ਵਿਚ ਨਿਹਿਤ ਹੈ।

7. ਦਿੱਲੀ ਤਖਤ ਨੂੰ ਪੰਜਾਬ ਦੀ ਕੋਈ ਸਮਝ ਨਹੀਂ ਹੈ ਅਤੇ ਜੇਕਰ ਹੈ ਤਾਂ ਅਸਲੋਂ ਹੀ ਗਲਤ ਹੈ ।

8. ਦਿੱਲੀ ਤਖ਼ਤ , ਬਹੁਗਿਣਤੀ ਰਾਜਨੀਤਕ ਲੋਕ ਅਤੇ ਅਫਸਰਸ਼ਾਹੀ ਪੰਜਾਬ ਵਿਰੋਧੀ ਅਤੇ ਸਾਜਿਸੀ ਹਨ ਪਰ ਅਵਾਮ ਅਤੇ ਖਾਸਕਰ ਨਵੀਂ ਪੀੜ੍ਹੀ ਇਸ ਵਬਾ ਤੋਂ ਮੁਕਤ ਹੈ।

9. ਇੰਡੀਆ ਦੀ ਅਵਾਮ ਨੂੰ ਅਸਲ ਪੰਜਾਬ ਦੇ ਦਰਸ਼ਨ ਕਰਵਾਉਣ ਦੀ ਜਿੰਮੇਵਾਰੀ ਆਮ ਪੰਜਾਬ ਨੂੰ ਹੀ ਚੁੱਕਣੀ ਪਵੇਗੀ।ਇਸ ਦਿਸ਼ਾ ਵਿਚ ਅਜੇ ਬਹੁਤ ਕੰਮ ਕਰਨਾ ਬਾਕੀ ਹੈ।

10. ਪੰਜਾਬ ਨੇ ਆਪਣਾ ਪੱਖ ਰੱਖ ਦਿੱਤਾ ਹੈ ਹੁਣ ਦਿੱਲੀ ਤਖਤ ਨੇ ਦੱਸਣਾ ਹੈ ਕਿ ਉਸ ਨੇ ਪੰਜਾਬ ਨਾਲ ਕਿਹੋ ਜਿਹੇ ਸਬੰਧ ਰੱਖਣੇ ਹਨ ।

11. ਪੰਜਾਬ ਦਾ ਖੇਤੀ ਮਾਡਲ ਬਦਲਣਾ ਲਾਜਮੀ ਹੈ। ਮੌਜੂਦਾ ਮਾਡਲ ਸਾਡੀਆਂ ਰੂਹਾਨੀ ਕੀਮਤਾਂ ਨਾਲ ਮੇਲ ਨਹੀਂ ਖਾਂਦਾ ।

12. ਖੇਤੀ ਅਤੇ ਜਮੀਨ ਪੰਜਾਬ ਲਈ ਕੀ ਮਾਇਨੇ ਰੱਖਦੀ ਸਪੱਸਟ ਹੋਇਆ ਹੈ।

13. ਪੰਜਾਬ ਵਿਚ ਰਾਜਨੀਤੀ ਕਿਹੜੇ ਅਧਾਰਾਂ ਤੇ ਹੋਵੇ ਇਹ ਸਵਾਲ ਕੇਂਦਰ ਵਿਚ ਆ ਗਿਆ ਹੈ।

14. ਸਿੱਖ ਰਾਜਨੀਤੀ ਦਾ ਅਸਲ ਰੂਪ ਪ੍ਰਗਟ ਕਰਨ ਦੀ ਲੋੜ ਮਹਿਸੂਸ ਹੋ ਗਈ ਹੈ ਕਿਉਂਕਿ ਮੌਜੂਦਾ ਅਕਾਲੀ ਅਤੇ ਗੈਰ ਅਕਾਲੀ, ਦਲ ਅਤੇ ਆਗੂ, ਸਿੱਖ ਰਾਜਨੀਤੀ ਦੀ ਨੁਮਾਇੰਦਗੀ ਨਹੀਂ ਕਰ ਸਕਦੇ।

15. ਪੰਜਾਬੀਆਂ ਦੀ ਪਹਿਲ ਕਰਨ ਦੀ ਰੁਚੀ ਪ੍ਰਬਲ ਹੋਈ ਹੈ ।

16. ਪੰਜਾਬ ਦੇ ਰਾਜਨੀਤਕ ਅਧਿਕਾਰ ਖਤਮ ਅਤੇ ਰਾਜਨੀਤਕ ਸੰਸਥਾਵਾਂ ਅਸਫਲ ਹੋ ਚੁੱਕੀਆਂ ਹਨ।

17. ਪੰਜਾਬ, ਕੇਂਦਰੀਕਰਨ ਅਤੇ ਏਕਾਧਿਕਾਰ ਦੇ ਖਿਲਾਫ ਹੈ।

18. ਪੰਜਾਬ ਦੀ ਹੀ ਸਮਰੱਥਾ ਹੈ ਕਿ ਅੱਜ ਇਹ ਸਰਵਪ੍ਰਵਾਨਤ ਆਗੂ ਦੀ ਅਣਹੋਂਦ ਵਿਚ ਹੰਨੇ ਹੰਨੇ ਮੀਰੀ ਦੇ ਸਿਧਾਂਤ ਉੱਪਰ ਚੱਲ ਸਕਦਾ ਹੈ ਅਤੇ ਦੁਨੀਆਂ ਦੀ ਤਾਕਤਵਰ ਹਕੂਮਤ ਨੂੰ ਐਨੀ ਕਰੜੀ ਟੱਕਰ ਦੇ ਸਕਦਾ ਹੈ। ਇਹ ਵੀ ਸਾਬਤ ਹੋਇਆ ਹੈ ਕਿ ਹੰਨੇ ਹੰਨੇ ਮੀਰੀ ਹੀ ਅਸਲ ਵਿਚ (ਲੋਕਤਾਂਤਰਿਕ) ਰਾਜਨੀਤਕ ਪ੍ਰਬੰਧ ਜਾਂ ਢਾਂਚੇ ਵਜੋਂ ਸਥਾਪਤ ਹੋ ਸਕਦੀ ਹੈ ਜੋ ਇੰਡੀਆ ਨੂੰ ਸਿੱਖਾਂ ਦੀ ਦੇਣ ਮੰਨੀ ਜਾਵੇਗੀ।

19. ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਖਾਲਸਾਈ ਰਹਿਣੀ ਹੈ ਅਤੇ ਇਹੀ ਇੱਥੋਂ ਦਾ ਜੇਤੂ ਸੱਚ ਹੈ ।

20. ਮੁਹਿੰਮਾਂ ਵਿੱਚ ਹੀ ਪੰਜਾਬ ਦਾ ਅਸਲ ਚਰਿੱਤਰ ਉੱਘੜਦਾ ਹੈ ਇਹ ਘੋੜੇ 'ਤੇ ਚੜ੍ਹੇ ਲੱਖ ਦੇ ਤੇ ਲੱਥੇ ਕੱਖ ਦੇ ਹਨ ।

21. ਸੰਘਰਸ਼ ਇਕ ਤਪਦੀ ਭੱਠੀ ਹੈ ਜਿਸ ਵਿੱਚੋਂ ਨਿਕਲ ਕੇ ਪੰਜਾਬ ਕੁੰਦਨ ਬਣ ਜਾਵੇਗਾ ਖੋਟ ਖੋਟ ਝੜ ਜਾਵੇਗੀ ਤੇ ਸ਼ੁੱਧ ਸੋਨਾ ਬਾਕੀ ਰਹੇਗਾ।

ਗੁਰੂ ਭਲਾ ਕਰੇ

**ਕੰਵਲਜੀਤ ਸਿੰਘ**

# ... ਤੂੰ ਦਾਤਾ ਦਾਤਾਰੁ ਤੇਰਾ ਦਿੱਤਾ ਖਾਵਣਾ








## ਆ ਜਾ ਕਿਸਾਨ ਮੋਰਚੇ ਦਾ ਜੀਅ ਜਾਨ ਵੇਖ ਲੈ, ਮੈਦਾਨ 'ਚ ਨਿਤਰੇ ਪੰਜਾਬ ਦੀ ਸ਼ਾਨ ਵੇਖ ਲੈ





ਦੁਨੀਆਂ ਦੇ ਕੋਨੇ ਕੋਨੇ ਵਿੱਚ ਵਸਦੇ ਪੰਜਾਬੀਆਂ ਵਲੋਂ ਕਿਸਾਨ ਮੋਰਚੇ ਲਈ ਵੱਖ ਵੱਖ ਸੇਵਾਵਾਂ ਨਿਭਾਏ ਜਾਣ ਦੇ ਨਾਲ ਕਿਸਾਨਾਂ ਦੇ ਹੱਕ ਵਿੱਚ ਅਰਦਾਸਾਂ, ਮੀਟਿੰਗਾਂ ਅਤੇ ਮੁਜ਼ਾਹਰਿਆਂ ਦਾ ਸਿਲਸਿਲਾ ਜਾਰੀ ਹੈ। ਇਸੇ ਲੜੀ ਵਿੱਚ ਆਸਟਰੇਲੀਆ ਦੇ ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਪਰਥ ਸ਼ਹਿਰ 'ਚ ਕਿਸਾਨਾਂ ਨਾਲ ਇੱਕਮੁਠਤਾ ਵਜੋਂ ਕੀਤੇ ਮੁਜ਼ਾਹਰੇ ਦੀਆਂ ਇਹ ਤਸਵੀਰਾਂ ਸਾਨੂੰ ਪਰਥ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਸੇਵਕਾਂ ਦੀ ਸਰਗਰਮ ਮੈਂਬਰ ਬੀਬੀ ਨਵਤੇਜ ਕੌਰ ਉੱਪਲ ਵਲੋਂ ਭੇਜੀਆਂ ਗਈਆਂ ਹਨ।
















ਉਪਰਲੀਆਂ ਤਸਵੀਰਾਂ ਵਿੱਚੋਂ ਬਹੁਤੀਆਂ ਤਸਵੀਰਾਂ "ਇੰਡੀਅਨ ਐਕਸਪ੍ਰੈਸ" ਅਖ਼ਬਾਰ ਦੇ ਸਾਬਕਾ ਚੀਫ਼ ਫੋਟੋਗਰਾਫਰ ਅਤੇ ਚੰਡੀਗੜ੍ਹ ਦੇ ਉੱਘੇ ਸਮਾਜ ਸੇਵੀ ਸਵਦੇਸ਼ ਤਲਵਾੜ ਜੀ ਵਲੋਂ ਲਾਹੀਆਂ ਗਈਆਂ ਹਨ ਜਿਹੜੇ ਖ਼ੁਦ ਵੀ ਕਿਸਾਨ ਮੋਰਚੇ ਵਿੱਚ ਸੇਵਾ ਲਈ ਲਗਾਤਾਰ ਅਹਿਮ ਹਿੱਸਾ ਪਾ ਰਹੇ ਹਨ। ਮੋਰਚੇ ਦੇ ਵੱਖ - ਵੱਖ ਰੰਗਾਂ ਤੇ ਰੂਪਾਂ ਨੂੰ ਦਰਸਾਉਂਦੀਆਂ ਇਹ ਤਸਵੀਰਾਂ ਸਾਨੂੰ ਛਾਪਣ ਦੀ ਆਗਿਆ ਦੇਣ ਬਦਲੇ ਅਸੀਂ ਉਨ੍ਹਾਂ ਦੇ ਬੇਹੱਦ ਧੰਨਵਾਦੀ ਹਾਂ।